Child Safe Organisations
National Principles

# National Principles for Child Safe Organisations



*An initiative of the Council of Australian Governments*

ਆਸਟ੍ਰੇਲੀਆ ਦਾ ਮਨੁੱਖੀ ਅਧਿਕਾਰ ਕਮਿਸ਼ਨ ਇਸ ਪ੍ਰਕਾਸ਼ਨਾ ਵਿੱਚ ਦਿੱਤੀ ਗਈ ਜਾਣਕਾਰੀ ਦੇ ਆਦਾਨ-ਪ੍ਰਦਾਨ ਅਤੇ ਪ੍ਰਸਾਰ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਆਸਟ੍ਰੇਲੀਅਨ ਸਰਕਾਰ ਦੇ ਓਪਨ ਅਕਸੈੱਸ ਅਤੇ ਲਾਇਸੈਂਸਿੰਗ ਫ੍ਰੇਮਵਰਕ (AusGOAL) ਦੀ ਵਰਤੋਂ ਦੀ ਤਸਦੀਕ ਕਰਦਾ ਹੈ।

ਇਸ ਪ੍ਰਕਾਸ਼ਨਾ ਵਿੱਚ ਸਾਰੀ ਸਮੱਗਰੀ ਕ੍ਰੀਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਇੰਟਰਨੈਸ਼ਨਲ ਲਾਇਸੈਂਸ ਦੇ ਤਹਿਤ ਪੇਸ਼ ਕੀਤੀ ਗਈ ਹੈ, ਇਸ ਦੇ ਇਹ ਅਪਵਾਦ ਨਾਲ:

- ਫੋਟੋਗ੍ਰਾਫ ਅਤੇ ਚਿੱਤਰ;
- ਕਮਿਸ਼ਨ ਦਾ ਲੋਗੋ, ਕੋਈ ਵੀ ਬਰੈਂਡਿੰਗ ਜਾਂ ਟ੍ਰੇਡਮਾਰਕਸ;
- ਤੀਜੀ ਧਿਰ ਦੁਆਰਾ ਪ੍ਰਦਾਨ ਕੀਤੀ ਗਈ ਸਮੱਗਰੀ ਜਾਂ ਸਾਮਾਨ; ਅਤੇ
- ਜਿੱਥੇ ਕਿਤੇ ਸੰਕੇਤ ਦਿੱਤਾ ਗਿਆ ਹੋਵੇ।

ਲਾਇਸੈਂਸ ਦੀ ਨਕਲ(ਕਾਪੀ) ਨੂੰ ਵੇਖਣ ਲਈ, http://creativecommons.org/licenses/by/4.0/legalcode 'ਤੇ ਜਾਓ।

ਸੰਖੇਪ ਵਿੱਚ, ਜਦੋਂ ਤੱਕ ਤੁਸੀਂ ਆਸਟ੍ਰੇਲੀਆਈ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਦਰਜਾ ਦਿੰਦੇ ਹੋ, ਅਤੇ ਹੋਰ ਲਾਇਸੈਂਸ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋ, ਉਦੋਂ ਤੱਕ ਤੁਸੀਂ ਪ੍ਰਕਾਸ਼ਨ ਦੀ ਨਕਲ ਕਰਨ , ਸੰਚਾਰ ਕਰਨ ਅਤੇ ਅਨੁਕੂਲਣ ਲਈ ਆਜ਼ਾਦ ਹੋ।

ਕਿਰਪਾ ਕਰਕੇ ਇਸਦੀ ਵਿਸ਼ੇਸ਼ਤਾ ਦਿਓ:
©ਆਸਟ੍ਰੇਲੀਆਈ ਮਨੁੱਖੀ ਅਧਿਕਾਰ ਕਮਿਸ਼ਨ 2018.

ਪ੍ਰਾਪਤੀ ਦੀ ਸੂਚਨਾ (ਅਕਨੋਲਜਮੈਂਟ):
ਆਸਟ੍ਰੇਲੀਆਈ ਮਨੁੱਖੀ ਅਧਿਕਾਰ ਕਮਿਸ਼ਨ ਬਾਲ ਸੁਰੱਖਿਆ ਸੰਸਥਾਵਾਂ ਲਈ ਕੌਮੀ ਸਿਧਾਂਤਾਂ ਦਾ ਪ੍ਰਾਜੈਕਟਾਂ ਨੂੰ ਆਸਟ੍ਰੇਲੀਆਈ ਸਰਕਾਰ ਦੇ ਸਮਾਜਿਕ ਸੇਵਾਵਾਂ ਬਾਰੇ ਵਿਭਾਗ ਦੁਆਰਾ ਫੰਡ ਦਿੱਤਾ ਜਾਂਦਾ ਹੈ ਅਤੇ ਸਾਰੇ ਅਧਿਕਾਰ ਖੇਤਰਾਂ ਵਿੱਚ ਕਮਿਊਨਿਟੀ ਸੇਵਾਵਾਂ ਮੰਤਰੀਆਂ ਦੀ ਨਿਗਰਾਨੀ ਅਤੇ ਮਾਰਗਦਰਸ਼ਨ ਨਾਲ ਕੌਮੀ ਸਿਧਾਂਤ ਵਿਕਸਿਤ ਕੀਤੇ ਜਾਂਦੇ ਹਨ।

**ਹੋਰ ਜਾਣਕਾਰੀ:**

ਇਸ ਪ੍ਰਕਾਸ਼ਨ ਵਿਚ ਕਾਪੀਰਾਈਟ ਬਾਰੇ ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਸੰਪਰਕ ਕਰੋ:

ਸੰਚਾਰ ਯੂਨਿਟ
Australian Human Rights Commission
GPO Box 5218
SYDNEY NSW 2001
ਟੈਲੀਫੋਨ: (02) 9284 9600
ਈ-ਮੇਲ: communications@humanrights.gov.au

# ਮੁੱਖਬੰਧ

ਰਾਇਲ ਕਮਿਸ਼ਨ ਨੇ ਇੰਸਟੀਟਿਊਸ਼ਨਲ ਦੇ ਜਵਾਬਾਂ ਵਿੱਚ ਆਸਟ੍ਰੇਲੀਆ ਦੇ ਇੰਸਟੀਟਿਊਸ਼ਨਜ ਵਿਚਲੇ ਬੱਚਿਆਂ ਦਾ ਜਿਨਸੀ ਸੋਸ਼ਣ (ਰਾਇਲ ਕਮਿਸ਼ਨ) ਬੱਚਿਆਂ ਦੇ ਹੈਰਾਨ ਕਰਨ ਵਾਲੇ ਦੁਰਵਿਵਹਾਰ ਦਾ ਖੁਲਾਸਾ ਕੀਤਾ।

ਕਮਿਸ਼ਨ ਨੇ ਦੇਸ਼ ਭਰ ਵਿੱਚ ਬਾਲ ਸੁਰੱਖਿਆ ਲਈ ਸੰਸਥਾਵਾਂ ਬਣਾਉਣ ਦੀ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ।

ਇਨ੍ਹਾਂ ਸਿਫਾਰਿਸ਼ਾਂ ਦੇ ਜਵਾਬ ਵਿੱਚ ਬਾਲ-ਸੁਰੱਖਿਆ ਸੰਸਥਾਵਾਂ ਲਈ ਕੌਮੀ ਸਿਧਾਂਤਾਂ ਨੂੰ ਵਿਕਸਿਤ ਕਰਨਾ (ਕੌਮੀ ਸਿਧਾਂਤ) ਇੱਕ ਮਹੱਤਵਪੂਰਨ ਕੌਮੀ ਸੁਧਾਰ ਹੈ।

ਸਾਰੇ ਰਾਸ਼ਟਰਮੰਡਲਾਂ, ਰਾਜ ਅਤੇ ਖੇਤਰ ਦੀਆਂ ਸਰਕਾਰਾਂ ਦੁਆਰਾ ਸਿਧਾਂਤਾਂ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ।

ਉਹ ਬੱਚਿਆਂ ਦੇ ਨਾਲ ਜੁੜੇ ਸੰਗਠਨਾਂ ਦੇ ਅੰਦਰ ਬਾਲ-ਸੁਰੱਖਿਆ ਸੱਭਿਆਚਾਰਾਂ ਨੂੰ ਭਰਨ ਲਈ ਕੌਮੀ ਪੱਧਰ ਤੇ ਇੱਕਸਾਰ ਪਹੁੰਚ ਪ੍ਰਦਾਨ ਕਰਦੇ ਹਨ ਅਤੇ ਬਾਲ-ਸੁਰੱਖਿਆ ਪੱਧਰ ਨਾਲ ਸੰਬੰਧਿਤ ਰਾਇਲ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਪ੍ਰਭਾਵਿਤ ਕਰਨ ਲਈ ਇੱਕ ਵਾਹਨ ਵਜੋਂ ਕੰਮ ਕਰਦੇ ਹਨ।

ਮੈਂ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਕੌਮੀ ਸਿਧਾਂਤਾਂ ਅਤੇ ਇਸਦੇ ਸਹਿਯੋਗੀ ਮਾਰਗ-ਦਰਸ਼ਨ ਸਮੱਗਰੀ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ।

ਆਸਟ੍ਰੇਲੀਆ ਵਿੱਚ ਕੌਮੀ ਬੱਚਿਆਂ ਦੇ ਮੰਤਰੀ ਮੇਗਨ ਮਿਸ਼ੇਲ, ਬੱਚਿਆਂ ਨਾਲ ਜੁੜੇ ਬਹੁਤ ਸਾਰੇ ਖੇਤਰਾਂ ਦੇ ਸਲਾਹ-ਮਸ਼ਵਰੇ ਨਾਲ ਅਤੇ ਕਮਿਊਨਿਟੀ ਸੇਵਾਵਾਂ ਮੰਤਰੀਆਂ ਵੱਲੋਂ ਕੌਮੀ ਸਿਧਾਂਤਾਂ ਦਾ ਵਿਕਾਸ *ਆਸਟ੍ਰੇਲੀਆ ਦੇ ਬੱਚਿਆਂ ਦਾ ਬਚਾਅ ਕਰਨ ਲਈ 2019-2020 ਤੀਜੇ ਐਕਸ਼ਨ ਪਲੈਨ 2015-2018 ਦੇ ਕੌਮੀ ਫਰੇਮਵਰਕ* ਹੇਠ ਕੀਤਾ ਜਾ ਰਿਹਾ ਹੈ

ਮੁੱਖ ਵਕਾਲਤ ਸਮੂਹਾਂ ਅਤੇ ਵਿਦਿਅਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਇਸ ਦੇ ਨਾਲ ਨਾਲ ਬੱਚਿਆਂ ਅਤੇ ਨੌਜਵਾਨਾਂ ਨੇ ਵੀ ਯੋਗਦਾਨ ਦਿੱਤਾ।

ਆਸਟ੍ਰੇਲੀਆ ਦੇ ਬੱਚਿਆਂ ਦੀ ਬਿਹਤਰ ਸੁਰੱਖਿਆ ਲਈ ਕੌਮੀ ਸਿਧਾਂਤਾਂ ਨੂੰ ਅਪਣਾਉਣਾ ਇੱਕ ਮਹੱਤਵਪੂਰਨ ਕਦਮ ਹੈ।

ਸਕਾਟ ਮਾਰੀਸਨ (Scott Morrison)
ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ
ਆਸਟ੍ਰੇਲਿਆਈ ਸਰਕਾਰਾਂ ਦੇ ਕੌਂਸਲ ਦਾ ਮੁਖੀਆਸਟਰੇਲਿਆਈ ਸਰਕਾਰਾਂ ਦੀ ਕੌਂਸਲ ਦੀ ਪਹਿਲਕਦਮੀ।

# ਪ੍ਰਸਤਾਵਨਾ

ਆਸਟ੍ਰੇਲੀਆ ਵਿੱਚ ਬਹੁਤ ਸਾਰੇ ਸੰਗਠਨ ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਦੇ ਹਨ। ਇਹ, ਸਪੋਰਟਸ ਕਲੱਬ ਜਾਂ ਪਲੇਅਗਰੁੱਪ ਵਾਂਗ ਛੋਟੇ ਅਤੇ ਕਮਿਊਨਿਟੀ ਆਧਾਰਿਤ ਹੋ ਸਕਦੇ ਹਨ, ਜਿੱਥੇ ਪਰਿਵਾਰ ਅਤੇ ਕਮਿਊਨਿਟੀ ਦੇ ਮੈਂਬਰ ਸਕੂਲਾਂ, ਹਸਪਤਾਲਾਂ, ਚਰਚਾਂ ਵਰਗੇ ਬਹੁਤ ਜ਼ਿਆਦਾ ਸੰਗਠਿਤ ਢਾਂਚਿਆਂ ਲਈ ਸਵੈ-ਸੇਵੀ ਯੋਗਦਾਨ ਦਿੰਦੇ ਹਨ। ਉਹ ਕਾਰੋਬਾਰ ਕਰਨ ਵਾਲੇ ਜਾਂ ਸੰਸਥਾਵਾਂ ਹੋ ਸਕਦੀਆਂ ਹਨ ਜੋ ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਲਈ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਸਟਾਫ ਜਾਂ ਵਲੰਟੀਅਰਾਂ ਨੂੰ ਨੌਕਰੀਆਂ ਦਿੰਦੀਆਂ ਹਨ। ਕੁੱਝ ਰਾਜ ਦੀਆਂ ਹੱਦਾਂ ਵਿੱਚ ਕੰਮ ਕਰ ਸਕਦੀਆਂ ਹਨ।

2013 ਵਿੱਚ, ਆਸਟ੍ਰੇਲੀਆ ਦੀ ਸਰਕਾਰ ਨੇ ਆਸਟ੍ਰੇਲੀਆ ਦੇ ਇੰਸਟੀਟਿਊਸ਼ਨਜ਼ ਦੁਆਰਾ ਬੱਚਿਆਂ ਨੂੰ ਜਿਨਸੀ ਸ਼ੋਸਣ ਤੋਂ ਬਚਾਉਣ ਵਿੱਚ ਨਾਕਾਮਯਾਬ ਹੋਣ ਦੀਆਂ ਸੂਚਨਾਵਾਂ ਫੈਲਣ ਕਾਰਨ ਕਮਿਊਨਿਟੀ ਦੀਆਂ ਚਿੰਤਾਵਾਂ ਨੂੰ ਮੁੱਖ ਰੱਖਦੇ ਹੋਏ ਇੰਸਟੀਟਿਊਸ਼ਨਲ ਦੇ ਬੱਚਿਆਂ ਦੇ ਜਿਣਸੀ ਸੋਸ਼ਣ (ਰਾਇਲ ਕਮਿਸ਼ਨ) ਦੇ ਜਵਾਬਾਂ ਵਿੱਚ  ਰਾਇਲ ਕਮਿਸ਼ਨ ਦੀ ਸਥਾਪਨਾ ਕੀਤੀ। ਕਮਿਸ਼ਨ ਦੀਆਂ ਅੰਤਿਮ ਸਿਫਾਰਿਸ਼ਾਂ ਤੇ ਜ਼ੋਰ ਦਿੱਤਾ ਗਿਆ ਹੈ ਕਿ ਜਨਤਾ ਦੇ ਬੱਚਿਆਂ, ਬੱਚਿਆਂ ਅਤੇ ਨੌਜਵਾਨਾਂ, ਮਾਪਿਆਂ, ਦੇਖਭਾਲ ਕਰਨ ਵਾਲਿਆਂ, ਪਰਿਵਾਰਾਂ ਅਤੇ ਸਮੁਦਾਇਆਂ ਨੂੰ ਭਰੋਸਾ ਮਹਿਸੂਸ ਹੋਵੇ ਕਿ ਉਨ੍ਹਾਂ ਦੇ ਬੱਚਿਆਂ ਨੂੰ ਸੁਰੱਖਿਅਤ ਵਾਤਾਵਰਨ ਦਿੱਤਾ ਜਾ ਰਿਹਾ ਹੈ ਜਿਸ ਵਿੱਚ ਬੱਚਿਆਂ ਦੇ ਹੱਕ, ਲੋੜਾਂ ਅਤੇ ਰੁਚੀਆਂ ਵੱਲ ਧਿਆਨ ਦਿੱਤਾ ਜਾਂਦਾ ਹੈ।

ਕੌਮੀ ਸਿਧਾਂਤ ਰਾਇਲ ਕਮਿਸ਼ਨ ਦੇ ਕੰਮ ਨੂੰ ਖਿੱਚਦੇ ਹਨ, ਆਸਟ੍ਰੇਲੀਆ ਦੇ ਬੱਚਿਆਂ ਦੇ ਕਮਿਸ਼ਨਰ ਅਤੇ ਦੇਖਭਾਲਕਰਤਾ ਅਤੇ ਬੱਚਿਆਂ ਲਈ ਸੁਰੱਖਿਆ ਵਾਤਾਵਰਨ ਪੈਦਾ ਕਰਨ ਲਈ ਕੌਮੀ ਫਰੇਮਵਰਕ 2005

ਉਹ ਆਸਟ੍ਰੇਲੀਆ ਦੀ ਸੋਸਾਇਟੀ ਦੇ ਸਾਰੇ ਸੈਕਟਰ ਜਿਨ੍ਹਾਂ ਵਿੱਚ ਬੱਚੇ ਸ਼ਾਮਿਲ ਹਨ, ਬਾਲ-ਸੁਰੱਖਿਆ ਸੱਭਿਆਚਾਰ ਬਣਾਉਣ ਲਈ ਇੱਕ ਕੌਮੀ ਪਹੁੰਚ ਪ੍ਰਦਾਨ ਕਰਦੇ ਹਨ।

ਰਾਇਲ ਕਮਿਸ਼ਨ ਦੁਆਰਾ ਬੱਚਿਆਂ ਦੇ ਅਧਿਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਅਤੇ ਮਿਆਰਾਂ 'ਤੇ ਆਧਾਰਿਤ ਕੌਮੀ ਸਿਧਾਂਤਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਜੋ ਕਿ ਸੰਸਥਾਵਾਂ ਵਿੱਚ ਪਰਿਵਾਰਾਂ ਅਤੇ ਸਮੁਦਾਇਆਂ ਨੂੰ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੇਣ ਅਤੇ ਸਮਰੱਥਾ ਬਣਾਉਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਨੁਕਸਾਨ ਤੋਂ ਬਚਿਆ ਜਾ ਸਕੇ।   ਸੰਸਥਾਵਾਂ ਦੀਆਂ ਕਿਸਮਾਂ, ਆਕਾਰਾਂ ਅਤੇ ਸਮਰੱਥਾ ਦੀਆਂ ਕਿਸਮਾਂ ਦੀ ਪਛਾਣ ਕਰਨਾ ਅਤੇ ਲਾਗੂ ਕਰਨ ਵਿੱਚ ਲਚਕਤਾ ਦੇਣ ਲਈ ਕੌਮੀ ਸਿਧਾਂਤ ਇੱਕ ਉੱਚ-ਪੱਧਰੀ 10 ਤੱਤ ਦੱਸਦੇ ਹਨ ਜੋ ਕਿ ਇੱਕ ਬੱਚਿਆਂ ਲਈ ਸੁਰੱਖਿਅਤ ਸੰਸਥਾ ਬਣਾਉਣ ਲਈ ਮੁੱਢਲੇ ਤੱਤ ਹਨ।

ਕੌਮੀ ਸਿਧਾਂਤ ਐਬਓਰੀਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ ਅਤੇ ਨੌਜਵਾਨਾਂ ਲਈ ਸੁਰੱਖਿਅਤ ਸੱਭਿਆਚਾਰਕ ਵਾਤਾਵਰਨ ਅਤੇ ਪ੍ਰਥਾਵਾਂ ਤੇ ਜ਼ੋਰ ਦਿੰਦੇ ਹਨ। ਐਬਓਰੀਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਪਰਿਵਾਰਾਂ ਅਤੇ ਸਮੁਦਾਇਆਂ ਨੂੰ ਅਜਿਹੀਆਂ ਸੇਵਾਵਾਂ ਦੀ ਪਹੁੰਚ ਹੋਣੀ ਚਾਹੀਦੀ ਹੈ ਜੋ ਕਿ ਸੱਭਿਆਚਾਰਕ ਸੁਰੱਖਿਅਤ ਹੋਣ ਅਤੇ ਅਜਿਹੀਆਂ ਸੇਵਾਵਾਂ ਵਿੱਚ ਬਿਹਤਰ ਨਤੀਜਿਆਂ ਦਾ ਅਨੁਭਵ ਹੁੰਦਾ ਹੈ। ਇਸ ਵਿੱਚ ਐਬਓਰੀਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜਨ ਦੇ ਤਰੀਕੇ, ਅੰਤਰ-ਸਾਂਝੀ ਸਦਮੇ ਅਤੇ ਸੱਭਿਆਚਾਰਕ ਵਿਭਿੰਨਤਾ ਦਾ ਸਨਮਾਨ ਕਰਨ ਦੇ ਪ੍ਰਭਾਵਾਂ ਦੀ ਪਛਾਣ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕਰਨਾ ਸ਼ਾਮਿਲ ਹੈ।

ਕੌਮੀ ਸਿਧਾਂਤ ਇਕੱਠੇ ਦਿਖਾਉਂਦੇ ਹਨ ਕਿ ਇੱਕ ਬਾਲ-ਸੁਰੱਖਿਆ ਸੰਗਠਨ ਇੱਕ ਅਜਿਹਾ ਸੰਗਠਨ ਹੈ ਜੋ ਬੱਚਿਆਂ ਦੀ ਤੰਦਰੁਸਤੀ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਸੱਭਿਆਚਾਰ ਪੈਦਾ ਕਰਦਾ ਹੈ, ਕਾਰਜਨੀਤੀਆਂ ਨੂੰ ਅਪਣਾਉਂਦਾ ਹੈ ਅਤੇ ਕਾਰਵਾਈ ਕਰਦਾ ਹੈ। ਇੱਕ ਬਾਲ-ਸੁਰੱਖਿਆ ਸੰਸਥਾ ਧਿਆਨ ਨਾਲ ਅਤੇ ਯੋਜਨਾਬੱਧ ਤਰੀਕੇ ਨਾਲ ਅਜਿਹਾ ਕਰਦੇ ਹਨ:ਬਾਲ ਸੁਰੱਖਿਅਤ ਸੰਸਥਾ:

- ਅਜਿਹਾ ਵਾਤਾਵਰਨ ਬਣਾਉਂਦੇ ਹਨ, ਜਿੱਥੇ ਵਿਚਾਰ, ਮੁੱਲ ਅਤੇ ਕੰਮਾਂ ਦਾ ਕੇਂਦਰ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਹੁੰਦਾ ਹੈ।
- ਸਥਾਨਾਂ ਨਾਲ ਬੱਚਿਆਂ ਦੀ ਸੰਦਰਭ, ਉਨ੍ਹਾਂ ਦੀ ਕਦਰ ਕਰਨ ਦੇ ਨਾਲ ਨਾਲ ਅਸਲ ਰੁਝੇਵਿਆਂ 'ਤੇ ਜ਼ੋਰ ਦਿੱਤਾ ਗਿਆ ਹੈ।
- ਅਜਿਹੇ ਹਾਲਾਤ ਪੈਦਾ ਕਰਦੇ ਹਨ ਜੋ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨੂੰ ਘਟਾਉਂਦੇ ਹਨ।
- ਅਜਿਹੇ ਹਾਲਾਤ ਪੈਦਾ ਕਰਦੇ ਹਨ ਜੋ ਕਿਸੇ ਵੀ ਨੁਕਸਾਨ ਦੀ ਪਛਾਣ ਕਰਨ ਦੀ ਸੰਭਾਵਨਾ ਨੂੰ ਵਧਾਉਂਦੇ ਹਨ।
- ਕਿਸੇ ਵੀ ਚਿੰਤਾ, ਖੁਲਾਸੇ, ਦੋਸ਼ਾਂ ਜਾਂ ਸ਼ੰਕਾਂ ਦਾ ਜਵਾਬ ਦਿੰਦਾ ਹੈ।

ਆਸਟ੍ਰੇਲੀਆ ਵਿੱਚ ਕਿਸੇ ਵੀ ਸੰਸਥਾ ਜਾਂ ਸੰਗਠਨ ਜਿਸ ਵਿੱਚ ਬੱਚੇ ਸ਼ਾਮਿਲ ਹੋਣ, ਵਿੱਚ ਕੌਮੀ ਬਾਲ-ਸੁਰੱਖਿਆ ਸਿਧਾਂਤਾਂ ਨੂੰ ਅਪਣਾਉਣਾ ਅਤੇ ਕੰਮ ਕਰਨਾ, ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਮਾਰਗ-ਸ਼ਿਲਾ ਹੈ।

# ਬਾਲ-ਸੁਰੱਖਿਆ ਦਾ ਚੱਕਰ



Committed leadership, governance and culture
Children and young people are safe, informed and actively participate in the organisation
Families and communities involved in safety settings
Equity upheld and diversity respected
Robust recruitment and screening
Effective complaints management
Ongoing education and training
Safe physical and online environments
Regular improvement
Child safety and wellbeing policies and procedures
Safe, happy and engaged children

# ਬਾਲ-ਸੁਰੱਖਿਆ ਸੰਸਥਾਵਾਂ ਲਈ ਕੌਮੀ ਸਿਧਾਂਤ

1. ਸੰਸਥਾਵਾਂ ਦੀ ਅਗਵਾਈ, ਪ੍ਰਸ਼ਾਸਨ ਅਤੇ ਸੱਭਿਆਚਾਰ ਵਿੱਚ ਬਾਲ-ਸੁਰੱਖਿਆ ਅਤੇ ਤੰਦਰੁਸਤੀ ਭਰੀ ਹੋਈ ਹੁੰਦੀ ਹੈ।
2. ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਹਿੱਸਾ ਵੀ ਲੈਂਦੇ ਹਨ ਅਤੇ ਗੰਭੀਰਤਾ ਨਾਲ ਲੈਂਦੇ ਹਨ।
3. ਪਰਿਵਾਰਾਂ ਅਤੇ ਕਮਿਊਨਿਟੀਆਂ ਨੂੰ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ ਅਤੇ ਸ਼ਾਮਿਲ ਹੋਣ ਲਈ ਕਿਹਾ ਜਾਂਦਾ ਹੈ।
4. ਹੱਕਾਂ ਨੂੰ ਕਾਇਮ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਪ੍ਰਥਾ ਵਿੱਚ ਵਿਭਿੰਨਤਾ ਨੂੰ ਸਨਮਾਨਿਤ ਕਰਨ ਦੀ ਲੋੜ ਹੈ।
5. ਬੱਚਿਆਂ ਅਤੇ ਯੁਵਾਂ ਲੋਕਾਂ ਨਾਲ ਕੰਮ ਕਰਨ ਵਾਲੇ ਲੋਕ ਯੋਗ ਹੁੰਦੇ ਹਨ ਅਤੇ ਪ੍ਰਥਾ ਵਿੱਚ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੂੰ ਪਰਵਰਤਿਤ ਕਰਨ ਵਿੱਚ ਸਹਿਯੋਗ ਦਿੰਦੇ ਹਨ।
6. ਸ਼ਿਕਾਇਤਾਂ ਅਤੇ ਚਿੰਤਾਵਾਂ ਜੋ ਕਿ ਬੱਚਿਆਂ ਤੇ ਕੇਂਦਰਿਤ ਹਨ ਨੂੰ ਜਵਾਬ ਦੇਣ ਦੀ ਪ੍ਰਕਿਰਿਆ
7. ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ .ਯੁਵਾ ਲੋਕਾਂ ਨੂੰ ਚੱਲ ਰਹੀਆਂ ਸਿੱਖਿਆ ਅਤੇ ਸਿਖਲਾਈ ਦੁਆਰਾ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਸੁਸੱਜਤ ਹਨ।
8. ਸਰੀਰਕ ਅਤੇ ਆਨਲਾਈਨ ਵਾਤਾਵਰਨ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ ਜਿਸ ਦੇ ਨਾਲ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕਿਆਂ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।
9. ਬਾਲ-ਸੁਰੱਖਿਆ ਕੌਮੀ ਸਿਧਾਂਤਾਂ ਦੀ ਨਿਯਮਿਤ ਸਮੇਂ ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰ ਕਰਨਾ ਲਾਗੂ ਕੀਤਾ ਜਾਂਦਾ ਹੈ।
10. ਨੀਤੀਆਂ ਅਤੇ ਪ੍ਰਥਾਵਾਂ ਦਾ ਦਸਤਾਵੇਜ਼ੀਕਰਨ ਬੱਚਿਆਂ ਅਤੇ ਨੌਜਵਾਨਾਂ ਲਈ ਸੰਸਥਾ ਕਿਵੇਂ ਸੁਰੱਖਿਅਤ ਹੈ, ਦੱਸਦਾ ਹੈ।

# ਮਾਰਗਦਰਸ਼ਨ

ਆਸਟ੍ਰੇਲੀਆ ਨੇ 1990 ਵਿੱਚ ਸੰਯੁਕਤ ਰਾਸ਼ਟਰ ਸੰਮੇਲਨ 'ਤੇ ਬੱਚਿਆਂ ਦੇ ਅਧਿਕਾਰਾਂ(CRC) ਦੀ ਪੁਸ਼ਟੀ ਕੀਤੀ ਸੀ। ਸੰਮੇਲਨ ਦੇ ਤਹਿਤ ਬੱਚਿਆਂ ਨੂੰ ਬਾਲਗ਼ਾਂ ਵਾਂਗ ਮਨੁੱਖੀ ਅਧਿਕਾਰ ਪ੍ਰਾਪਤ ਹਨ। ਉਨ੍ਹਾਂ ਕੋਲ ਖਾਸ ਬਚਾਓ ਲਈ ਅਧਿਕਾਰ ਹੁੰਦੇ ਹਨ ਕਿਉਂਕਿ ਉਹ ਸੋਸ਼ਣ ਅਤੇ ਦੁਰਵਿਵਹਾਰ ਕਰਨ ਵਾਲਿਆਂ ਤੋਂ ਕਮਜ਼ੋਰ (ਬਚਾਅ ਕਰਨ ਵਿੱਚ ਕਮਜ਼ੋਰ) ਹੁੰਦੇ ਹਨ। ਕਨਵੈਨਸ਼ਨ ਦੇ ਤਹਿਤ, ਹਰ ਮਨੁੱਖ ਜਿਸ ਦੀ ਉਮਰ 18 ਸਾਲ ਤੋਂ ਘੱਟ ਹੈ, ਉਹ ਇੱਕ ਬੱਚਾ ਹੈ।

ਹੇਠ ਲਿਖੇ ਪੰਨੇ ਹਰੇਕ ਸਿਧਾਂਤ ਜੋ ਆਸਟ੍ਰੇਲੀਆ ਵਿੱਚ ਬੱਚਿਆਂ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਦੁਆਰਾ ਕੌਮੀ ਸਿਧਾਂਤਾਂ ਨੂੰ ਅਪਣਾਉਣ  ਲਈ ਸਹਿਯੋਗ ਦਿੰਦੇ ਹਨ, ਦੀ ਪੂਰੀ ਜਾਣਕਾਰੀ ਦਿੰਦੇ ਹਨ।

ਹਰੇਕ ਸਿਧਾਂਤ ਲਈ, ਮਾਰਗਦਰਸ਼ਨ ਇਹ ਪ੍ਰਦਾਨ ਕਰਦਾ ਹੈ:

- ਸਿਧਾਂਤ ਦੇ ਮੁੱਖ ਤੱਤ ਅਤੇ ਉਦੇਸ਼
- ਕਾਰਵਾਈ ਦੇ ਮੁੱਖ ਖੇਤਰ, ਇਹ ਦੱਸਣਾ ਕਿ ਬਾਲ-ਸੁਰੱਖਿਆ ਲਈ ਸੱਭਿਆਚਾਰ ਬਣਾਉਣ ਲਈ ਸੰਸਥਾਵਾਂ ਨੂੰ ਕੀ ਕਾਰਵਾਈ ਕਰਨੀ ਚਾਹੀਦੀ ਹੈ
- ਸੂਚਕ ਜੋ ਸਿਧਾਂਤਾਂ ਨੂੰ ਸਹੀ ਠਹਿਰਾਉਂਦੇ ਹਨ, ਅਮਲੀ ਚਿੰਨ੍ਹ ਦੱਸਦੇ ਹਨ ਕਿ ਸਿਧਾਂਤ ਪ੍ਰਭਾਵਸ਼ਾਲੀ ਰੂਪ ਵਿਚ ਲਾਗੂ ਹਨ।
- CRC ਦੀਆਂ ਸੰਬੰਧਿਤ ਧਾਰਾਵਾਂ ਦੀਆਂ ਉਦਾਹਰਣਾਂ ਦੇ ਹਵਾਲੇ ਵਿੱਚ

ਇਹ ਮਾਰਗਦਰਸ਼ਨ ਸੰਸਥਾਵਾਂ ਨੂੰ ਲਗਾਤਾਰ ਅਤੇ ਪ੍ਰਭਾਵੀ ਤਰੀਕੇ ਨਾਲ ਕੌਮੀ ਸਿਧਾਂਤਾਂ ਨੂੰ ਅਮਲ ਵਿੱਚ ਲਿਆਉਣ ਲਈ ਸਮਰਥਨ ਦਿੰਦਾ ਹੈ। ਇਹ ਇੱਕ ਵਧੀਆ ਪ੍ਰੈਕਟਿਸ ਗਾਈਡ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ ਹੈ ਅਤੇ ਸੰਸਥਾਵਾਂ ਦੀਆਂ ਕਿਸਮਾਂ, ਆਕਾਰਾਂ ਅਤੇ ਸਮਰੱਥਾ ਦੀਆਂ ਵਿਭਿੰਨਤਾਵਾਂ ਨੂੰ ਅਮਲ ਵਿੱਚ ਅਤੇ ਮਾਨਤਾ ਪ੍ਰਾਪਤ ਕਰਨ ਵਿੱਚ ਲਚਕਤਾ ਦੀ ਆਗਿਆ ਦਿੰਦੀ ਹੈ।

ਉਪਕਰਣਾਂ ਅਤੇ ਸਾਧਨਾਂ ਦਾ ਇੱਕ ਸਮੂਹ ਜੋ ਕੌਮੀ ਸਿਧਾਂਤਾਂ ਨੂੰ ਸੰਸਥਾਵਾਂ ਦੇ ਅੰਦਰ ਬਾਲ-ਸੁਰੱਖਿਆ ਵੈੱਬਪੰਨੇ ਲਈ ਕੌਮੀ ਦਫ਼ਤਰਾਂ ਰਾਹੀਂ ਪਹੁੰਚ ਕਰਨ ਅਤੇ ਲਾਗੂ ਕਰਨ ਲਈ ਸਹਿਯੋਗ ਦਿੰਦਾ ਹੈ।
(https://pmc.gov.au/domestic-policy/national-office-child-safety).

# ਸਿਧਾਂਤ 1

## ਬਾਲ-ਸੁਰੱਖਿਆ ਅਤੇ ਤੰਦਰੁਸਤੀ ਸੰਸਥਾਵਾਂ ਦੀ ਅਗਵਾਈ, ਪ੍ਰਸ਼ਾਸਨ ਅਤੇ ਸੱਭਿਆਚਾਰ ਵਿੱਚ ਇਮਬੈਡ ਕੀਤੀ ਹੋਈ ਹੈ।

ਧਾਰਾ 3 ਦੀ ਬੱਚਿਆਂ ਦੇ ਅਧਿਕਾਰਾਂ 'ਤੇ ਕਨਵੈਨਸ਼ਨ (CRC): ਸਾਰੇ ਬਾਲਗ਼ਾਂ ਨੂੰ ਉਹ ਕਰਨਾ ਚਾਹੀਦਾ ਹੈ ਜੋ ਬੱਚਿਆ ਲਈ ਸਭ ਤੋਂ ਵਧੀਆ ਹੋਵੇ। ਜਦੋਂ ਬਾਲਗ਼ ਫੈਸਲੇ ਲੈਂਦੇ ਹਨ ਤਾਂ ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਫੈਸਲੇ ਬੱਚਿਆਂ ਨੂੰ ਕਿਵੇਂ ਪ੍ਰਭਾਵਿਤ ਕਰਨਗੇ।

ਸੰਸਥਾ ਦੀ ਅਗਵਾਈ ਦੀ ਭੂਮਿਕਾ 'ਤੇ ਅਤੇ ਪ੍ਰਸ਼ਾਸਨ ਬੱਚਿਆਂ ਅਤੇ ਨੌਜਵਾਨਾਂ ਲਈ ਸਮਾਵੇਸ਼ੀ ਅਤੇ ਸੁਆਗਤ ਕਰਨ ਵਾਲੇ ਮਾਹੌਲ, ਜਵਾਬਦੇਹੀ ਵਾਲਾ ਸੱਭਿਆਚਾਰੀ ਅਤੇ ਅਜਿਹੇ ਤਰੀਕੇ ਜੋ ਬਾਲ-ਸੁਰੱਖਿਆ ਸੱਭਿਆਚਾਰ ਨੂੰ ਵਿਕਸਿਤ ਅਤੇ ਸੰਭਾਲਦੇ ਹਨ, ਨੂੰ ਉਤਸ਼ਾਹਿਤ ਕਰਨ ਲਈ ਸਿਧਾਂਤ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

ਇਸ ਸਿਧਾਂਤ ਨੂੰ ਅਪਣਾਉਣਾ ਦਿਖਾਉਂਦਾ ਹੈ ਕਿ ਸਾਰੇ ਪੱਧਰਾਂ ਦੇ ਸੰਗਠਨ ਦੁਆਰਾ ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ ਸੰਗਠਨ ਵਚਨਬੱਧ ਹੈ। ਪ੍ਰਸ਼ਾਸ਼ਨ ਪ੍ਰਬੰਧ ਸਪੱਸ਼ਟ ਹਨ ਅਤੇ ਇਨ੍ਹਾਂ ਵਿੱਚ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ, ਪ੍ਰੈਕਟਿਸ ਮਾਰਗਦਰਸ਼ਨ, ਸੰਚਾਲਨ ਕੋਡ ਅਤੇ ਜ਼ੋਖਮ ਪ੍ਰਬੰਧਨ ਫਰੇਮਵਰਕ ਸ਼ਾਮਿਲ ਹਨ। ਪ੍ਰਸ਼ਾਸਨ ਦੇ ਪ੍ਰਬੰਧ ਸੰਸਥਾ ਦੀ ਕਿਸਮ, ਵਰਗ ਅਤੇ ਆਕਾਰ 'ਤੇ ਆਧਾਰਿਤ ਬਦਲਦੇ ਰਹਿੰਦੇ ਹਨ। ਸੰਸਥਾ ਦੀ ਅਗਵਾਈ ਬੱਚਿਆਂ ਅਤੇ ਨੌਜਵਾਨਾਂ ਦੇ ਖਤਰਿਆਂ ਬਾਰੇ ਜਾਣਕਾਰੀ ਨੂੰ ਸਾਂਝਾ ਕਰਨ ਲਈ ਇੱਕ ਪ੍ਰਮਾਣਿਤ ਵਾਤਾਵਰਨ ਪ੍ਰਦਾਨ ਕਰਦੀ ਹੈ।

### ਕਾਰਵਾਈ ਦੇ ਮੁੱਖ ਖੇਤਰ:

1.1 ਬਾਲ-ਸੁਰੱਖਿਆ ਲਈ ਸੰਸਥਾ ਜਨਤਾ ਨਾਲ ਵਚਨਬੱਧ ਹੈ।

1.2 A ਸਾਰੇ ਪੱਧਰਾਂ ਦੀ ਸੰਸਥਾ ਲਈ ਬਾਲ-ਸੁਰੱਖਿਆ ਸੱਭਿਆਚਾਰ ਚੋਟੀ ਤੋਂ ਹੇਠਾਂ ਅਤੇ ਥੱਲੇ ਤੱਕ ਸਮਰਥਕ ਅਤੇ ਢਾਂਚਾ ਹੈ।

1.3 ਪ੍ਰਸ਼ਾਸ਼ਨ ਦੇ ਪ੍ਰਬੰਧ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੀ ਨੀਤੀ ਨੂੰ ਹਰੇਕ ਪੱਧਰ ਤੇ ਲਾਗੂ ਕਰਨ ਦੀ ਸਹੂਲਤ ਦਿੰਦੇ ਹਨ।

1.4 ਸੰਚਾਲਨ ਕੋਡ ਸੰਭਾਵੀ ਵਿਹਾਰਕ ਮਿਆਰ ਅਤੇ ਜ਼ਿੰਮੇਵਾਰੀਆਂ ਲਈ ਸਟਾਫ਼ ਅਤੇ ਵਾਲੰਟੀਅਰਾਂ ਨੂੰ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ।

1.5 ਜ਼ੋਖਮ ਪ੍ਰਬੰਧਨ ਰਣਨੀਤੀਆਂ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਖ਼ਤਰਿਆਂ ਤੋਂ ਬਚਾਉਣ, ਉਨ੍ਹਾਂ ਨੂੰ ਪਛਾਣਨਾ ਅਤੇ ਘਟਾਉਣ 'ਤੇ ਕੇਂਦਰਿਤ ਹੁੰਦੀਆਂ ਹਨ।

1.6 ਸਟਾਫ਼ ਅਤੇ ਵਾਲੰਟੀਅਰ ਸੂਚਨਾ ਸਾਂਝੀ ਕਰਨੀ ਅਤੇ ਰਿਕਾਰਡ ਰੱਖਣ ਦੇ ਉਨ੍ਹਾਂ ਦੇ ਫਰਜ਼ ਸਮਝਦੇ ਹਨ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸੰਸਥਾ ਦਿਖਾ ਸਕਦੀ ਹੈ ਕਿ ਉਨ੍ਹਾਂ ਕੋਲ ਜਨਤਕ ਤੌਰ 'ਤੇ ਉਪਲੱਬਧ ਅਤੇ ਵਰਤਮਾਨ ਦਸਤਾਵੇਜ਼ ਹਨ ਜਿਵੇਂ ਕਿ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੀਤੀ, ਪ੍ਰੈਕਟਿਸ ਮਾਰਗਦਰਸ਼ਨ, ਸੂਚਨਾ ਸਾਂਝਾ ਕਰਨ ਵਾਲੇ ਪ੍ਰੋਟੋਕਾਲ, ਸਟਾਫ਼ ਅਤੇ ਵਾਲੰਟੀਅਰ ਦੇ ਸੰਚਾਲਨ ਕੋਡ ਅਤੇ ਜ਼ੋਖਮ ਪ੍ਰਬੰਧਨ ਰਣਨੀਤੀਆਂ।
- ਬਾਲ ਤੰਦਰੁਸਤੀ ਅਤੇ ਸੱਭਿਆਚਾਰਕ ਸੁਰੱਖਿਆ ਦੀ ਕਦਰ ਕਦਰ ਕਰਨ ਵਾਲੇ ਸੰਗਠਨਾਤਮਕ ਲੀਡਰ ਮਾਡਲ ਅਤੇ ਨਿਯਮਿਤ ਰਵੱਈਏ ਅਤੇ ਵਿਵਹਾਰਾਂ ਨੂੰ ਮਜ਼ਬੂਤ ਬਣਾਉਂਦੇ ਹਨ ਜੋ ਬੱਚਿਆਂ ਅਤੇ ਯੁਵਾ ਲੋਕਾਂ ਅਤੇ ਬਾਲ-ਸੁਰੱਖਿਆ ਲਈ ਵਚਨਬੱਧ ਹਨ। ਡਿਊਟੀ ਸਟੇਟਮੈਂਟਾਂ, ਕਾਰਜਾਂ ਦਾ ਇਕਰਾਰਨਾਮਾ ਅਤੇ ਸਟਾਫ਼ ਅਤੇ ਵਾਲੰਟੀਅਰ ਦੇ ਸਮੀਖਿਆਵਾਂ ਪ੍ਰਕਿਰਿਆਵਾਂ ਵਿੱਚ ਇਹ ਵਚਨਬੱਧਤਾ ਸਪੱਸ਼ਟ ਹੈ।
- ਸਟਾਫ਼, ਵਾਲੰਟੀਅਰਾਂ, ਬੱਚਿਆਂ ਅਤੇ ਯੁਵਾ ਲੋਕਾਂ ਨੂੰ ਬੱਚਿਆਂ ਦੇ ਹੱਕਾਂ, ਸੁਰੱਖਿਅਤ ਮਹਿਸੂਸ ਕਰਨ ਅਤੇ ਉਨ੍ਹਾਂ ਨੂੰ ਸੁਣੇ ਜਾਣ ਦੇ ਅਧਿਕਾਰਾਂ, ਇਨ੍ਹਾਂ ਅਧਿਕਾਰਾਂ ਨਾਲ ਸੰਬੰਧਿਤ ਲੇਖੇ-ਜੋਖੇ ਬਾਰੇ ਸਹੀ ਗਿਆਨ ਹੈ।
- ਆਗੂ ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ ਚੰਗੀਆਂ ਪ੍ਰਥਾਵਾਂ ਨੂੰ ਸਾਂਝਾ ਕਰਦੇ ਹਨ ਅਤੇ ਸਿੱਖਿਆਵਾਂ ਨੂੰ ਉਤਸ਼ਾਹਿਤ ਕਰਦੇ ਹਨ।

# ਸਿਧਾਂਤ 2

## ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਅਤੇ ਗੰਭੀਰਤਾ ਨਾਲ ਲੈਣ ਲਈ ਸੂਚਿਤ ਕੀਤਾ ਜਾਂਦਾ ਹੈ।

### CRC ਦੀ ਧਾਰਾ 12 ਬੱਚਿਆਂ ਨੂੰ ਆਪਣੀ ਰਾਇ ਦੇਣਾ ਅਤੇ ਬਾਲਗ਼ਾਂ ਨੂੰ ਸੁਨਣਾ ਅਤੇ ਗੰਭੀਰਤਾ ਨਾਲ ਲੈਣ ਦਾ ਅਧਿਕਾਰ ਹੈ।

ਇਹ ਸਿਧਾਂਤ ਇੱਕ ਸੰਸਥਾ ਦੇ ਸੱਭਿਆਚਾਰ ਜੋ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਇਹ ਸਮਝਣ ਵਿੱਚ ਸਹਿਯੋਗ ਦਿੰਦਾ ਹੈ ਕਿ ਕੀ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦਾ ਕੀ ਮਤਲਬ ਹੈ, ਦੀ ਵਿਆਖਿਆ ਕਰਦਾ ਹੈ। ਉਮਰ ਦੇ ਉਚਿਤ ਤਰੀਕੇ ਨਾਲ ਇਨ੍ਹਾਂ ਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਉਹ ਸੰਸਥਾ ਦੇ ਅਜਿਹੇ ਸੱਭਿਆਚਾਰ ਬਣਾਉਣ ਲਈ ਹਿੱਸਾ ਪਾਉਂਦੇ ਅਤੇ ਸਰਗਰਮੀ ਨਾਲ ਭਾਗ ਲੈਂਦੇ ਹਨ ਜੋ ਕਿ ਉਨ੍ਹਾਂ ਲਈ ਸੁਰੱਖਿਅਤ ਹੈ।

ਬੱਚੇ ਅਤੇ ਨੌਜਵਾਨ ਜਾਣਦੇ ਹਨ ਕਿ ਸੰਬੰਧਿਤ ਜਾਣਕਾਰੀ ਅਤੇ ਪ੍ਰੋਗਰਾਮਾਂ ਤੱਕ ਪਹੁੰਚ ਅਤੇ ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ ਸੰਸਥਾ ਵਚਨਬੱਧ ਹੈ। ਉਹ ਸੁਰੱਖਿਅਤ ਵਾਤਾਵਰਨ ਨੂੰ ਮਾਨਤਾ ਦਿੰਦੇ ਹਨ ਅਤੇ ਸੁਰੱਖਿਆ ਰਣਨੀਤੀਆਂ ਨੂੰ ਸਮਝਦੇ ਹਨ। ਅਜਿਹੇ ਵਾਤਾਵਰਨਾਂ ਵਿੱਚ, ਬੱਚੇ ਅਤੇ ਨੌਜਵਾਨ ਲੋਕ ਫੈਸਲਿਆਂ ਵਿੱਚ ਹਿੱਸਾ ਲੈਣਾ ਅਤੇ ਆਪਣੇ ਵਿਚਾਰਾਂ ਅਤੇ ਚਿੰਤਾਵਾਂ ਦਾ ਸੰਚਾਰ ਕਰਨ ਵਿੱਚ ਆਰਾਮਦਾਇਕ ਮਹਿਸੂਸ ਕਰਦੇ ਹਨ। ਅਖੀਰ ਵਿੱਚ, ਹਰ ਹਾਲਤ ਵਿੱਚ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੀ ਜ਼ਿੰਮੇਵਾਰੀ ਸੰਸਥਾ ਅਤੇ ਉਸਦੇ ਕਾਮਿਆਂ ਦੀ ਹੁੰਦੀ ਹੈ।

ਸਟਾਫ ਅਤੇ ਵਾਲੰਟੀਅਰ ਬੱਚਿਆਂ ਅਤੇ ਯੁਵਾਂ ਲੋਕਾਂ ਦੀ ਪਛਾਣ ਅਤੇ ਸੱਭਿਆਚਾਰ ਦਾ ਮੁੱਲ ਅਤੇ ਆਦਰ ਕਰਦੇ ਹਨ, ਉਨ੍ਹਾਂ ਨਾਲ ਜੁੜੇ ਰਹਿਣ ਲਈ ਆਰਾਮਦਾਇਕ ਅਤੇ ਨਿਪੁੰਨ ਹੁੰਦੇ ਹਨ, ਬੱਚਿਆਂ ਅਤੇ ਨੌਜਵਾਨਾਂ ਦੀ ਮਜ਼ਬੂਤੀ ਅਤੇ ਸਮਰੱਥਾ ਬਣਾਉਣ ਲਈ ਅਤੇ ਉਨ੍ਹਾਂ ਨੂੰ ਵਿਕਸਿਤ ਕਰਨ ਵਾਲੀਆਂ ਲੋੜਾਂ ਨੂੰ ਸਮਝਦੇ ਹਨ।

### ਕਾਰਵਾਈ ਦੇ ਮੁੱਖ ਖੇਤਰ:

2.1 ਸੁਰੱਖਿਆ, ਜਾਣਕਾਰੀ ਅਤੇ ਭਾਗੀਦਾਰੀ ਸਮੇਤ, ਉਨ੍ਹਾਂ ਦੇ ਅਧਿਕਾਰਾਂ ਬਾਰੇ ਬੱਚਿਆਂ ਅਤੇ ਯੁਵਾਂ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ।

2.2 ਮਿੱਤਰਤਾ ਦੀ ਮਹੱਤਤਾ ਨੂੰ ਪਹਿਚਾਣਦੇ ਹਨ ਅਤੇ ਸਾਥੀਆਂ ਤੋਂ ਸਮਰਥਨ ਉਤਸ਼ਾਹਿਤ ਕਰਨ, ਬਾਲ ਅਤੇ ਯੁਵਾ ਲੋਕਾਂ ਨੂੰ ਸੁਰੱਖਿਅਤ ਅਤੇ ਘੱਟ ਅਲੱਗ ਮਹਿਸੂਸ ਕਰਵਾਉਣ ਵਿੱਚ ਮੱਦਦ ਕਰਦੇ ਹਨ।

2.3 ਜਿੱਥੇ ਸੈਟਿੰਗ ਜਾਂ ਪ੍ਰਸੰਗ ਨਾਲ ਸੰਬੰਧਿਤ ਹੋਵੇ, ਬੱਚਿਆਂ ਨੂੰ ਜਿਨਸੀ ਸੋਸ਼ਣ ਤੋਂ ਬਚਾਉਣ ਵਾਲੇ ਪ੍ਰੋਗਰਾਮ ਦੀ ਪਹੁੰਚ ਕਰਵਾਉਣ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਣ ਅਤੇ ਉਮਰ ਦੇ ਉੱਚਿਤ ਤਰੀਕੇ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਜਾ ਸਕੇ।

2.4 ਸਟਾਫ਼ ਅਤੇ ਵਾਲੰਟੀਅਰ ਨੁਕਸਾਨ ਦੇ ਚਿੰਨ੍ਹਾਂ ਅਤੇ ਬੱਚਿਆਂ ਨੂੰ ਵਿਚਾਰ ਪ੍ਰਗਟ ਕਰਨ ਲਈ ਬਾਲ-ਮਿੱਤਰਾਨਾ ਤਰੀਕੇ, ਫੈਸਲੇ ਲੈਣ ਵਿੱਚ ਭਾਗੀਦਾਰੀ ਅਤੇ ਚਿੰਤਾਵਾਂ ਜ਼ਾਹਿਰ ਕਰਨ ਦੀ ਸਹੂਲਤਾਂ ਮੁਹੱਈਆ ਕਰਵਾਉਂਦੇ ਹਨ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸੰਸਥਾ ਕੋਲ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਸਮੇਤ ਸੁਰੱਖਿਆ ਦੇ ਅਧਿਕਾਰ ਅਤੇ ਉਨ੍ਹਾਂ ਨੂੰ ਸੁਣੇ ਜਾਣ ਦੇ ਅਧਿਕਾਰ ਨੂੰ ਸਿਖਾਉਣ ਵਾਲੇ ਪ੍ਰੋਗਰਾਮ ਅਤੇ ਸਰੋਤ ਹਨ।
- ਸੰਸਥਾ ਉਮਰ ਅਨੁਸਾਰ ਪਲੇਟਫਾਰਮਾਂ 'ਤੇ ਬੱਚਿਆਂ ਅਤੇ ਯੁਵਾ ਲੋਕਾਂ ਦੇ ਵਿਚਾਰਾਂ ਅਤੇ ਫੈਸਲਾਂ ਲੈਣ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਨਿਯਮਿਤ ਤੌਰ 'ਤੇ ਖੋਜ ਕਰਦੀ ਰਹਿੰਦੀ ਹੈ।
- ਸਟਾਫ਼ ਅਤੇ ਵਾਲੰਟੀਅਨਰਾਂ ਨੂੰ ਬੱਚਿਆਂ ਅਤੇ ਯੁਵਾ ਲੋਕਾਂ ਦੀਆਂ ਵਿਕਾਸ ਦੀਆਂ ਲੋੜਾਂ ਬਾਰੇ ਚੰਗੀ ਸਮਝ ਹੈ।
- ਭਾਗ ਲੈਣ ਦੇ ਮੌਕਿਆਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ ਅਤੇ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ।
- ਸੰਸਥਾ ਦਾ ਵਾਤਾਵਰਨ ਮਿੱਤਰਾਪੂਰਵਕ ਅਤੇ ਬੱਚਿਆਂ ਅਤੇ ਯੁਵਾ ਲੋਕਾਂ ਲਈ ਸੁਆਗਤ ਭਰਿਆ ਹੁੰਦਾ ਹੈ।
- ਸੰਸਥਾ ਵਿੱਚ ਬੱਚੇ ਅਤੇ ਯੁਵਾ ਲੋਕ ਫੈਸਲਾ ਲੈਣ, ਸੁਰੱਖਿਆ ਮੁੱਦੇ ਅਤੇ ਖਤਰਿਆਂ ਨੂੰ ਪਛਾਣਨ ਵਿੱਚ ਹਿੱਸਾ ਲੈਂਦੇ ਹਨ।
- ਬੱਚੇ ਅਤੇ ਯੁਵਾ ਲੋਕ ਭਰੋਸੇਯੋਗ ਬਾਲਗ਼ਾਂ ਅਤੇ ਮਿੱਤਰਾਂ ਦੀ ਪਛਾਣ ਕਰ ਸਕਦੇ ਹਨ।
- ਬੱਚਿਆਂ ਅਤੇ ਯੁਵਾ ਲੋਕਾਂ ਉਨ੍ਹਾਂ ਦੇ ਸਾਥੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਉਨ੍ਹਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਬਾਰੇ ਸੂਚਿਤ ਕੀਤਾ ਜਾਂਦਾ ਹੈ।

# ਸਿਧਾਂਤ 3

## ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਸਮੁਦਾਇਆਂ ਨੂੰ ਸ਼ਮੂਲੀਅਤ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ।

### CRC ਦੀ ਧਾਰਾ 5: ਪਰਿਵਾਰਾਂ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰਨਾ ਸਿਖਾਉਣ ਅਤੇ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰਨ ਕਿ ਉਨ੍ਹਾਂ ਦੇ ਅਧਿਕਾਰ ਸੁਰੱਖਿਅਤ ਹਨ।

ਇਹ ਸਿਧਾਂਤ ਸੰਸਥਾਵਾਂ ਪਰਿਵਾਰਾਂ ਅਤੇ ਭਾਈਚਾਰੇ ਨੂੰ ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ, ਸੰਬੰਧਿਤ ਨੀਤੀਆਂ ਅਤੇ ਪ੍ਰਥਾਵਾਂ ਅਤੇ ਪਹੁੰਚਣਯੋਗ ਜਾਣਕਾਰੀ ਸ਼ਾਮਿਲ ਕਰ ਸਕਣ ਦੇ ਤਰੀਕਿਆਂ ਦੀ ਰੂਪ-ਰੇਖਾ ਦੱਸਦੇ ਹਨ। ਇਹ ਮਾਪਿਆਂ ਅਤੇ ਸੰਭਾਲਕਰਤਾ ਨੂੰ ਬੱਚਿਆਂ ਅਤੇ ਯੁਵਾ ਲੋਕ ਨੂੰ ਸੁਰੱਖਿਅਤ ਕਰਨ ਲਈ ਅਤੇ ਉਨ੍ਹਾਂ ਦੇ ਫੀਡਬੈਕ ਅਤੇ ਇਨਪੁੱਟ ਨੂੰ ਉਤਸ਼ਾਹਿਤ ਕਰਨ ਲਈ ਸੂਚਿਤ ਕਰਨ ਵਿੱਚ ਮੱਦਦ ਕਰਦੇ ਹਨ। ਉਨ੍ਹਾਂ ਨੂੰ ਬਾਲ-ਸੁਰੱਖਿਆ ਅਤੇ ਤੰਦਰੁਸਤੀ ਅਤੇ ਕਿਵੇਂ ਅਤੇ ਕਦੋਂ ਉਹ ਮੁੱਦੇ ਅਤੇ ਚਿੰਤਾ ਜ਼ਾਹਿਰ ਕਰਨ ਲਈ ਬੋਲਣ ਦਾ ਅਤੇ ਗੱਲ-ਬਾਤ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ।

ਪਰਿਵਾਰਾਂ ਦੀ ਆਪਣੀ ਬੱਚਿਆਂ ਦੀ ਪਰਵਰਿਸ਼ ਲਈ ਅਤੇ ਉਨ੍ਹਾਂ ਦੇ ਬੱਚਿਆਂ ਦੀ ਮੁੱਢਲੀ ਸੁਰੱਖਿਆ ਵਾਲੇ ਨੈੱਟਵਰਕ ਬਾਰੇ ਜਾਗਰੂਕ ਹੋਣਾ ਮੁੱਢਲੀ ਜ਼ਿੰਮੇਵਾਰੀ ਹੈ। ਇੱਥੇ ਪਰਿਵਾਰਾਂ ਦੀ ਬਣਤਰ ਵਿੱਚ ਬਹੁਤ ਭਿੰਨਤਾ ਹੈ, ਬੱਚੇ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੇ ਪਿਛੋਕੜ ਅਤੇ ਸੱਭਿਆਚਾਰਾਂ ਵਿੱਚ ਪਰਿਵਾਰਕ ਮੈਂਬਰ ਵੱਖੋ-ਵੱਖ ਭੂਮਿਕਾ ਨਿਭਾਉਂਦੇ ਹਨ। ਪਰਿਵਾਰਾਂ ਅਤੇ ਸੰਭਾਲਕਰਤਾ ਆਪਣੇ ਬੱਚਿਆਂ ਦੀਆਂ ਲੋੜਾਂ ਅਤੇ ਯੋਗਤਾਵਾਂ ਬਾਰੇ ਸਭ ਤੋਂ ਵਧੀਆ ਸਲਾਹ ਦੇ ਸਕਦੇ ਹਨ ਅਤੇ ਪ੍ਰਥਾਵਾਂ ਅਤੇ ਵਾਤਾਵਰਨ ਜੋ ਕਿ ਉਨ੍ਹਾਂ ਲਈ ਸੁਰੱਖਿਅਤ ਹਨ, ਬਾਰੇ ਸੰਸਥਾ ਨੂੰ ਸੂਚਿਤ ਕਰ ਸਕਦੇ ਹਨ। ਇੱਕ ਸੁਰੱਖਿਅਤ ਵਾਤਾਵਰਨ ਵਿੱਚ, ਬੱਚੇ, ਯੁਵਾ ਲੋਕ, ਪਰਿਵਾਰ ਅਤੇ ਸਮੁਦਾਇਆਂ ਦੇ ਮੈਂਬਰ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸੱਭਿਆਚਾਰ ਅਤੇ ਪਛਾਣ ਦੀ ਕਦਰ ਕੀਤੀ ਜਾਂਦੀ ਹੈ।

#### ਕਾਰਵਾਈ ਦੇ ਮੁੱਖ ਖੇਤਰ:

3.1 ਪਰਿਵਾਰ ਉਨ੍ਹਾਂ ਦੇ ਬੱਚਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਹਿੱਸਾ ਲੈਂਦੇ ਹਨ।

3.2 ਬਾਲ-ਸੁਰੱਖਿਆ ਦੀ ਪਹੁੰਚ ਅਤੇ ਸੰਬੰਧਿਤ ਜਾਣਕਾਰੀ ਦੀ ਪਹੁੰਚ ਲਈ ਸੰਸਥਾ ਪਰਿਵਾਰਾਂ ਅਤੇ ਸਮੁਦਾਇਆਂ ਨਾਲ ਜੁੜੀ ਰਹਿੰਦੀ ਹੈ ਅਤੇ ਖੁੱਲ੍ਹੇ ਰੂਪ ਵਿੱਚ ਸੰਚਾਰ ਕਰਦੀ ਹੈ।

3.3 ਸੰਸਥਾ ਦੀਆਂ ਨੀਤੀਆਂ ਅਤੇ ਪ੍ਰਥਾਵਾਂ ਦੇ ਵਿਕਾਸ ਅਤੇ ਸਮੀਖਿਆ ਕਰਨ ਲਈ ਪਰਿਵਾਰਾਂ ਅਤੇ ਸਮੁਦਾਇਆਂ ਦੀ ਰਾਇ ਹੁੰਦੀ ਹੈ।

3.4 ਸੰਸਥਾ ਦੀਆਂ ਕਾਰਵਾਈਆਂ ਅਤੇ ਅਗਵਾਈਆਂ ਬਾਰੇ ਮਾਪਿਆਂ, ਸੰਭਾਲਕਰਤਾ ਅਤੇ ਸਮੁਦਾਇਆਂ ਨੂੰ ਸੂਚਿਤ ਕੀਤਾ ਜਾਂਦਾ ਹੈ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸੱਭਿਆਚਾਰਕ ਸੁਰੱਖਿਆ ਦੇ ਪਹਿਲੂਆਂ ਸਮੇਤ, ਪਰਿਵਾਰਾਂ ਅਤੇ ਸਮੁਦਾਇਆਂ ਦੀਆਂ ਲੋੜਾਂ ਪ੍ਰਤੀ ਸੰਸਥਾ ਜ਼ਿੰਮੇਵਾਰ ਹੁੰਦੀ ਹੈ।
- ਬੱਚਿਆਂ ਦੀ ਭਾਗੀਦਾਰੀ ਅਤੇ ਫੀਡਬੈਕ ਨੂੰ ਉਤਸ਼ਾਹਿਤ ਕਰਨ ਸਮੇਤ, ਸੰਸਥਾ ਪਰਿਵਾਰਾਂ ਅਤੇ ਸਮੁਦਾਇਆਂ ਲਈ ਮੌਕੇ ਪੈਦਾ ਕਰਨ ਵਿੱਚ ਸ਼ਾਮਿਲ ਹੋਣ ਲਈ ਅਤੇ ਸੰਸਥਾ ਦੇ ਕੰਮ ਕਰਨ ਦੇ ਤਰੀਕੇ ਬਾਰੇ ਦੱਸਦੀ ਹੈ।
- ਸੰਸਥਾ ਕੋਲ ਸੰਸਥਾ ਦੀਆਂ ਕਾਰਵਾਈਆਂ ਅਤੇ ਨੀਤੀਆਂ, ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੀਤੀ ਸਮੇਤ, ਸੰਚਾਲਨ ਕੋਡ, ਰਿਕਾਰਡ ਰੱਖਣ ਵਾਲੇ ਅਭਿਆਸਾਂ ਅਤੇ ਸ਼ਿਕਾਇਤਾਂ ਅਤੇ ਜਾਂਚ ਕਿਰਿਆਵਾਂ ਲਈ ਪਰਿਵਾਰਾਂ ਅਤੇ ਸਮੁਦਾਇਆਂ ਲਈ ਸਪੱਸ਼ਟ ਅਤੇ ਪਹੁੰਚਣਯੋਗ ਜਾਣਕਾਰੀ ਹੁੰਦੀ ਹੈ।
- ਸੰਸਥਾ ਪਰਿਵਾਰਾਂ ਅਤੇ ਸਮੁਦਾਇਆਂ ਤੋਂ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਦਿਆਂ ਉੱਤੇ ਫੀਡਬੈਕ ਲੈਂਦੀ ਹੈ ਅਤੇ ਇਸ ਨੂੰ ਆਪਣੀਆਂ ਨੀਤੀਆਂ ਅਤੇ ਪ੍ਰਥਾਵਾਂ ਵਿੱਚ ਸ਼ਾਮਿਲ ਕਰਦੀ ਹੈ।
- ਸੰਸਥਾ ਅਜਿਹੀਆਂ ਪਹੁੰਚਾਂ ਨਾਲ ਜੁੜੀ ਰਹਿੰਦੀ ਹੈ ਅਤੇ ਸਹਿਯੋਗ ਦਿੰਦੀ ਹੈ ਜੋ ਭਾਈਵਾਲੀ ਅਤੇ ਸਤਿਕਾਰਯੋਗ ਸੰਬੰਧਾਂ ਰਾਹੀਂ ਸੱਭਿਆਚਾਰਕ ਸੁਰੱਖਿਆ ਨੂੰ ਉਤਸ਼ਾਹਿਤ ਕਰਨ।

# ਸਿਧਾਂਤ 4

## ਬਰਾਬਰਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਪ੍ਰਥਾ ਵਿੱਚ ਵੱਖਰੀਆਂ ਲੋੜਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

CRC ਦੀ ਧਾਰਾ 2: ਸਾਰੇ ਬੱਚਿਆਂ ਨੂੰ ਅਧਿਕਾਰ ਮਿਲੇ ਹੁੰਦੇ ਹਨ, ਇਸ ਦੀ ਪਰਵਾਹ ਕੀਤੇ ਬਿਨ੍ਹਾਂ ਕਿ ਉਹ ਕੌਣ ਹਨ, ਉਹ ਕਿੱਥੇ ਰਹਿੰਦੇ ਹਨ, ਉਨ੍ਹਾਂ ਦੇ ਮਾਪੇ ਕੀ ਕਰਦੇ ਹਨ, ਉਹ ਕੀ ਭਾਸ਼ਾ ਬੋਲਦੇ ਹਨ, ਉਨ੍ਹਾਂ ਦਾ ਕੀ ਧਰਮ ਹੈ, ਉਨ੍ਹਾਂ ਦਾ ਕੀ ਸੈਕਸ ਜਾਂ ਲਿੰਗ ਹੈ, ਉਨ੍ਹਾਂ ਦਾ ਕੀ ਸੱਭਿਆਚਾਰ ਹੈ, ਕਿ ਉਹ ਅਪੰਗ ਹਨ, ਭਾਵੇਂ ਉਹ ਅਮੀਰ ਹਨ ਜਾਂ ਗਰੀਬ ਹਨ।

### ਬਰਾਬਰਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਪ੍ਰਥਾ ਵਿੱਚ ਵੱਖਰੀਆਂ ਲੋੜਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

ਇਹ ਸਿਧਾਂਤ ਵਿਚਾਰ ਕਰਦੇ ਹਨ ਕਿ ਬੱਚਿਆਂ ਅਤੇ ਯੁਵਾ ਲੋਕਾਂ ਦੇ ਵੱਖੋ-ਵੱਖਰੇ ਹਾਲਾਤਾਂ ਨੂੰ ਕਿਵੇਂ ਮਾਨਤਾ ਦੇਣੀ ਹੈ ਜਿਹੜੀ ਸੰਸਥਾ ਨੂੰ ਬੱਚੇ 'ਤੇ ਕੇਂਦਰਿਤ ਤਰੀਕੇ ਨਾਲ ਅਤੇ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਜ਼ਿਆਦਾ ਪ੍ਰਭਾਵੀ ਤੌਰ 'ਤੇ ਭਾਗ ਲੈਣ ਲਈ ਉਤਸ਼ਾਹਿਤ ਕਰਨ ਦੇ ਯੋਗ ਬਣਾਉਂਦੀ ਹੈ। ਇਹ ਇੱਕ ਸੰਸਥਾਗਤ ਸੱਭਿਆਚਾਰ ਬਣਾਉਂਦਾ ਹੈ ਜੋ ਬੱਚਿਆਂ ਦੀਆਂ ਸ਼ਕਤੀਆਂ ਅਤੇ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਸਵੀਕਾਰ ਕਰਦਾ ਹੈ, ਸਾਰੇ ਬੱਚਿਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ, ਸੈਕਸ, ਲਿੰਗ, ਜਾਂ ਸਮਾਜਿਕ, ਆਰਥਿਕ ਜਾਂ ਸਮਾਜਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਗਲੇ ਮਿਲਦਾ ਹੈ।

ਇੱਕ ਸਵਾਗਤ ਕਰਨ ਵਾਲੀ ਸੰਸਥਾ ਉਹ ਹੁੰਦੀ ਹੈ ਜਿੱਥੇ ਸਾਰੇ ਬੱਚਿਆਂ ਅਤੇ ਯੁਵਾ ਲੋਕ ਆਰਾਮਦਾਇਕ ਮਹਿਸੂਸ ਕਰਦੇ ਹਨ ਅਤੇ ਜਿੱਥੇ ਸੱਭਿਆਚਾਰਕ ਸੁਰੱਖਿਆ ਅਤੇ ਸਮੂਹ ਤਰੀਕੇ ਦੀਆਂ ਸੇਵਾਵਾਂ ਪ੍ਰਦਾਨ ਹੁੰਦੀਆਂ ਹਨ। ਇਹ ਭੇਦ-ਭਾਵ, ਬੰਦਸ਼, ਧੱਕੇਸ਼ਾਹੀ ਅਤੇ ਦੁਰਵਿਵਹਾਰ ਦੇ ਖ਼ਤਰੇ ਘਟਾਉਂਦਾ ਹੈ।

### ਕਾਰਵਾਈ ਦੇ ਮੁੱਖ ਖੇਤਰ:

4.1 ਸਟਾਫ਼ ਅਤੇ ਵਾਲੰਟੀਅਰਾਂ ਸਮੇਤ ਸੰਸਥਾ, ਬੱਚਿਆਂ ਅਤੇ ਯੁਵਾ ਲੋਕਾਂ ਦੇ ਵਿਭਿੰਨ ਹਾਲਾਤਾਂ ਨੂੰ ਸਮਝਦੀ ਹੈ ਅਤੇ ਜਿਹੜੇ ਕਮਜ਼ੋਰ ਹਨ, ਉਨ੍ਹਾਂ ਨੂੰ ਜਵਾਬ ਦਿੰਦੀ ਹੈ ਤੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ।

4.2 ਬੱਚਿਆਂ ਅਤੇ ਯੁਵਾ ਲੋਕਾਂ ਕੋਲ ਸੱਭਿਆਚਾਰਕ ਸੁਰੱਖਿਆ, ਪਹੁੰਚਣਯੋਗ ਅਤੇ ਆਸਾਨੀ ਨਾਲ ਸਮਝਣ ਵਾਲੇ ਤਰੀਕਿਆਂ ਵਿੱਚ ਜਾਣਕਾਰੀ ਲੈਣ, ਸਹਿਯੋਗ ਅਤੇ ਸ਼ਿਕਾਇਤਾਂ ਕਰਨ ਦੀ ਪਹੁੰਚ ਹੁੰਦੀ ਹੈ।

4.3 ਸੰਸਥਾ ਐਬਓਰੀਜ਼ਨਲ ਅਤੇ ਟੋਰੈੱਸ ਸਟ੍ਰੇਟ ਆਈਲੈਂਡਰ ਬੱਚਿਆਂ, ਅਪੰਗ ਬੱਚਿਆਂ, ਸੱਭਿਆਚਾਰਕ ਅਤੇ ਭਾਸ਼ਾ ਪੱਖੋਂ ਵਿਭਿੰਨ ਪਿਛੋਕੜ ਦੇ ਬੱਚਿਆਂ, ਉਨ੍ਹਾਂ ਦਾ ਜੋ ਆਪਣੇ ਘਰ ਨਹੀਂ ਰਹਿ ਸਕਦੇ, ਲੈਜ਼ਬੀਅਨ, ਗੇ, ਬਾਈਸੈਕਸੁਅਲ, ਟ੍ਰਾਂਸਜੈਂਡਰ ਅਤੇ ਇੰਟਰਸੈਕਸ ਬੱਚਿਆਂ ਅਤੇ ਯੁਵਾ ਲੋਕਾਂ ਦੀਆਂ ਲੋੜਾਂ ਵੱਲ ਖਾਸ ਧਿਆਨ ਦਿੰਦੀ ਹੈ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸੰਸਥਾ ਕੋਲ ਅਜਿਹੀਆਂ ਵਿਸ਼ੇਸ਼ ਨੀਤੀਆਂ ਹਨ ਜੋ ਕਿ ਬਰਾਬਰਤਾ ਦਾ ਪ੍ਰਚਾਰ ਕਰਦੀਆਂ ਹਨ ਅਤੇ ਸਾਰੇ ਬੱਚਿਆਂ ਅਤੇ ਯੁਵਾ ਲੋਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਵਿਭਿੰਨਤਾ ਦਾ ਸਨਮਾਨ ਕਰਦੀਆਂ ਹਨ।
- ਸੰਸਥਾ ਸਮਝਣਯੋਗ ਭਾਸ਼ਾ ਅਤੇ ਫੋਰਮੈਟ ਵਿੱਚ ਬਾਲ-ਮਿੱਤਰਤਾ ਸਮੱਗਰੀ ਬਣਾਉਂਦੀ ਹੈ ਜੋ ਕਿ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਸਹਿਯੋਗ ਦੇਣਾ ਅਤੇ ਸ਼ਿਕਾਇਤਾਂ ਕਰਨ ਦੇ ਤਰੀਕੇ ਜੋ ਵੀ ਉਨ੍ਹਾਂ ਨੂੰ ਉਪਲੱਬਧ ਹੋਣ ਬਾਰੇ ਸੂਚਿਤ ਕਰਦੀ ਹੈ ਅਤੇ ਉਨ੍ਹਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੀ ਹੈ।
- ਬੋਰਡ ਦੇ ਮੈਂਬਰ, ਕਰਮਚਾਰੀ ਅਤੇ ਵਾਲੰਟੀਅਰ ਚੈਂਪੀਅਨ ਦੇ ਰਵੱਈਏ ਅਤੇ ਵਿਵਹਾਰ ਜੋ ਸਾਰੇ ਬੱਚਿਆਂ ਅਤੇ ਯੁਵਾ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਆਦਰ ਕਰਦਾ ਹੈ ਅਤੇ ਸੰਮਲਿਤ ਹਨ, ਵਿਭਿੰਨ ਲੋੜਾਂ ਲਈ ਚੰਗੀ ਤਰ੍ਹਾਂ ਜਾਣੂ ਅਤੇ ਜਵਾਬਦੇਹ ਹੈ।
- ਬੋਰਡ ਦੇ ਮੈਂਬਰ, ਸਟਾਫ਼ ਅਤੇ ਵਾਲੰਟੀਅਰ ਕਿਵੇਂ ਵਿਤਕਰੇ ਅਤੇ ਅਲਹਿਦਗੀ ਪ੍ਰਤੀ ਜਵਾਬ ਦਿੰਦੇ ਹਨ, ਇਹ ਭਾਵੇਂ ਸੋਚਿਆ ਜਾਂ ਅਣ-ਸੋਚਿਆ ਹੋਵੇ, ਇਹ ਇੱਕ ਸੁਰੱਖਿਆ ਅਤੇ ਸੱਭਿਆਚਾਰ ਖਿਲਾਫ਼ ਕੰਮ ਕਰ ਸਕਦੇ ਹਨ ਅਤੇ ਉਹ ਇਸਦੇ ਹੱਲ ਲਈ ਕਿਰਿਆਸ਼ੀਲ ਰਣਨੀਤੀਆਂ ਦਾ ਵਿਕਾਸ ਕਰਦੇ ਹਨ।
- ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ ਯੁਵਾ ਲੋਕਾਂ ਦੀਆਂ ਵਿਭਿੰਨ ਲੋੜਾਂ ਨੂੰ ਪੂਰੀ ਤਰ੍ਹਾਂ ਪਹਿਚਾਣਨ ਅਤੇ ਜਵਾਬ ਦੇਣ ਲਈ ਸਿਖਲਾਈ ਪ੍ਰਾਪਤ ਹੁੰਦੇ ਹਨ।

# ਸਿਧਾਂਤ 5

## ਲੋਕ ਜੋ ਬੱਚਿਆਂ ਅਤੇ ਯੁਵਾ ਲੋਕਾਂ ਨਾਲ ਕੰਮ ਕਰਦੇ ਹਨ ਉਹ ਯੋਗ ਹੁੰਦੇ ਹਨ ਅਤੇ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੂੰ ਪ੍ਰਥਾ ਵਿੱਚ ਪਰਵਰਤਿਤ ਕਰਨ ਲਈ ਸਹਿਯੋਗ ਦਿੰਦੇ ਹਨ।

### CRC ਦੀ ਧਾਰਾ 3.3 ਸੰਸਥਾ ਵਿੱਚ ਸਥਾਪਿਤ ਕੀਤੇ ਗਏ ਮਿਆਰਾਂ ਖਾਸ ਕਰਕੇ ਸੁਰੱਖਿਆ ਖੇਤਰਾਂ ਵਿੱਚ, ਸਿਹਤ, ਸਟਾਫ਼ ਦੀ ਗਿਣਤੀ ਅਤੇ ਯੋਗਤਾ, ਨਾਲ ਹੀ ਨਿਗਰਾਨੀ ਬਾਰੇ ਬੱਚਿਆਂ ਨੂੰ ਵਿਸਵਾਸ਼ਪੂਰਨ ਹੋਣਾ ਚਾਹੀਦਾ ਹੈ।

ਇਹ ਸਿਧਾਂਤ ਸਟਾਫ਼ ਵਿਕਸਿਤ ਨੀਤੀਆਂ ਅਤੇ ਭਰਤੀ, ਉੱਚਿਤ ਸਕ੍ਰੀਨਿੰਗ, ਜੋ ਕਿ ਬਾਲ-ਸੁਰੱਖਿਆ ਸੰਸਥਾ ਦੀ ਨੀਂਹ ਹਨ, ਦੀ ਵਿਆਖਿਆ ਕਰਦਾ ਹੈ। ਇਸ ਸਿਧਾਂਤ ਵਿੱਚ ਨਿਆਂ ਕਰਨ ਦੀ ਸਿਖਲਾਈ, ਬਾਲ-ਸੁਰੱਖਿਆ ਜ਼ਿੰਮੇਵਾਰੀਆਂ ਨੂੰ ਸਮਝਣਾ ਅਤੇ ਸੱਭਿਆਚਾਰ ਸੁਰੱਖਿਆ ਸੰਕਲਪ, ਅਤੇ ਸਟਾਫ਼ ਅਤੇ ਵਾਲੰਟੀਅਰਾਂ ਦੀ ਉੱਚਿਤ ਨਿਗਰਾਨੀ ਸ਼ਾਮਿਲ ਹੈ। ਰਿਪੋਰਟਿੰਗ ਦੀਆਂ ਜ਼ਿੰਮੇਵਾਰੀਆਂ, ਰਿਕਾਰਡ ਰੱਖਣ ਲਈ ਅਤੇ ਜਾਣਕਾਰੀ ਸਾਂਝੀ ਕਰਨ ਲਈ ਸਟਾਫ਼ ਅਤੇ ਵਾਲੰਟੀਅਰਾਂ ਨੂੰ ਬੱਚਿਆਂ ਅਤੇ ਯੁਵਾ ਲੋਕਾਂ ਦੀ ਬਿਹਤਰ ਸੁਰੱਖਿਆ ਲਈ ਸੰਬੰਧਿਤ ਅਭਿਆਸ ਉਪਕਰਣਾਂ ਦੀ ਸਿਖਲਾਈ ਦੇਣਾ।

### ਕਾਰਵਾਈ ਦੇ ਮੁੱਖ ਖੇਤਰ:

5.1 ਭਰਤੀ, ਇਸ਼ਤਿਹਾਰ, ਰੈਫਰੀ ਚੈੱਕ ਅਤੇ ਸਟਾਫ਼ ਅਤੇ ਵਾਲੰਟੀਅਰਾਂ ਦੀ ਪੂਰਵ-ਰੋਜ਼ਗਾਰ ਸਕ੍ਰੀਨਿੰਗ ਸਮੇਤ, ਬਾਲ-ਸੁਰੱਖਿਆ ਅਤੇ ਤੰਦਰੁਸਤੀ 'ਤੇ ਜ਼ੋਰ ਦਿੰਦੀ ਹੈ।

5.2 ਸੰਬੰਧਿਤ ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਪਿਛੋਕੜ ਦੀ ਜਾਂਚ ਕਰਨ ਦਾ ਮੌਜੂਦਾ ਕੰਮ ਕਰਦੇ ਹਨ।

5.3 ਸਾਰਾ ਸਟਾਫ਼ ਅਤੇ ਵਾਲੰਟੀਅਰ ਇੱਕ ਉਚਿਤ ਪ੍ਰੇਰਨਾ ਪ੍ਰਾਪਤ ਕਰਦੇ ਹਨ ਅਤੇ ਬੱਚਿਆਂ ਅਤੇ ਯੁਵਾ ਲੋਕਾਂ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ, ਰਿਕਾਰਡ ਰੱਖਣ ਸਮੇਤ, ਜਾਣਕਾਰੀ ਸਾਂਝੀ ਕਰਨੀ ਅਤੇ ਰਿਪੋਰਟਿੰਗ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹਨ।

5.4 ਚੱਲ ਰਹੀ ਨਿਗਰਾਨੀ ਅਤੇ ਲੋਕ ਪ੍ਰਬੰਧਨ ਬਾਲ-ਸੁਰੱਖਿਆ ਅਤੇ ਤੰਦਰੁਸਤੀ ਵੱਲ ਧਿਆਨ ਦਿੰਦੀਆਂ ਹਨ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸੰਸਥਾ ਜਦੋਂ ਇਸ਼ਤਿਹਾਰ ਲਗਾਉਣਾ ਹੋਵੇ, ਸਟਾਫ਼ ਅਤੇ ਵਾਲੰਟੀਅਰਾਂ ਦੀ ਭਰਤੀ ਅਤੇ ਸਕ੍ਰੀਨਿੰਗ ਕਰਨੀ ਹੋਵੇ ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ ਵਚਨਬੱਧਤਾ 'ਤੇ ਜ਼ੋਰ ਦਿੰਦੀ ਹੈ।
- ਡਿਊਟੀ ਸਟੇਟਮੈਂਟਾਂ, ਚੋਣ ਪ੍ਰਕਿਰਿਆ ਅਤੇ ਰੈਫਰੀ ਚੈੱਕ ਬੱਚਿਆਂ ਅਤੇ ਯੁਵਾ ਲੋਕਾਂ ਦੀ ਕਦਰ ਅਤੇ ਸਨਮਾਨ ਕੀਤਾ ਜਾਂਦਾ ਹੈ, ਬਾਲ-ਸੁਰੱਖਿਆ ਅਤੇ ਤੰਦਰੁਸਤੀ ਲਈ ਵਚਨਬੱਧਤਾ, ਬੱਚਿਆਂ ਨੂੰ ਵਿਕਾਸ ਦੀਆਂ ਲੋੜਾਂ ਅਤੇ ਸੱਭਿਆਚਾਰਕ ਸੁਰੱਖਿਆ ਪ੍ਰਥਾਵਾਂ ਦਿਖਾਉਂਦੇ ਹਨ।
- ਇੱਕ ਸੰਸਥਾ ਵਿੱਚ ਮਾਲਕਾਂ, ਸਟਾਫ਼ ਅਤੇ ਵਾਲੰਟੀਅਰਾਂ ਦੀਆਂ ਪਿਛੋਕੜ ਲੋੜਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ।
- ਸਟਾਫ਼ ਅਤੇ ਵਾਲੰਟੀਅਰ ਸੰਸਥਾ ਦੀਆਂ ਬਾਲ-ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦੀ ਰਿਕਾਰਡ ਰੱਖਣ ਵਾਲੀਆਂ, ਜਾਣਕਾਰੀ ਸਾਂਝੀ ਕਰਨੀ ਅਤੇ ਸੂਚਨਾ ਦੇਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹਨ।
- ਚੱਲ ਰਹੇ ਸਟਾਫ਼ ਦੀ ਸਹਾਇਤਾ, ਨਿਗਰਾਨੀ ਅਤੇ ਪ੍ਰਦਰਸ਼ਨ ਪ੍ਰਬੰਧਨ ਕਿਰਿਆਵਾਂ ਬਾਲ-ਸੁਰੱਖਿਆ ਤੱਤਾਂ ਨੂੰ ਸ਼ਾਮਿਲ ਕਰਦੇ ਹਨ।
- ਸੰਸਥਾ ਸਟਾਫ਼ ਅਤੇ ਵਾਲੰਟੀਅਰਾਂ ਲਈ ਰਿਕਾਰਡ ਰੱਖਣ ਵਾਲੇ ਸਿਸਟਮਾਂ ਅਤੇ ਪ੍ਰੋਟੋਕਾਲਾਂ ਦੀ ਸੰਭਾਲ ਕਰਦੀ ਹੈ।
- ਸੰਸਥਾ ਕੋਲ ਖਤਰਿਆਂ ਦੀ ਖ਼ਬਰ ਦੇਣ ਵਾਲੇ ਵਿਅਕਤੀ ਅਤੇ ਇਨ੍ਹਾਂ ਨੂੰ ਘਟਾਉਣ ਲਈ ਕਈ ਤਰ੍ਹਾਂ ਦੇ ਟੂਲ ਅਤੇ ਪ੍ਰਕਿਰਿਆਵਾਂ ਹਨ।

# ਸਿਧਾਂਤ 6

## ਬੱਚਿਆਂ ਤੇ ਕੇਂਦਰਿਤ ਸ਼ਿਕਾਇਤਾਂ ਅਤੇ ਚਿੰਤਾਵਾਂ ਦੀ ਜਵਾਬਦੇਹੀ ਦੀਆਂ ਕਿਰਿਆਵਾਂ।

### CRC ਦੀ ਧਾਰਾ 42: ਬੱਚਿਆਂ ਨੂੰ ਆਪਣੇ ਅਧਿਕਾਰ ਜਾਣਨ ਦੇ ਹੱਕ ਹਨ! ਬਾਲਗ਼ਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਨਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਨੂੰ ਸਿੱਖਣ ਬਾਰੇ ਮੱਦਦ ਕਰਦੇ ਹਨ।

ਇਹ ਸਿਧਾਂਤ ਮਨੁੱਖੀ ਸਰੋਤ ਪ੍ਰਬੰਧਨ ਨੀਤੀਆਂ ਅਤੇ ਪ੍ਰਥਾਵਾਂ ਅਤੇ ਪ੍ਰਭਾਵਸ਼ਾਲੀ ਸ਼ਿਕਾਇਤ ਪ੍ਰਬੰਧਨ ਕਿਰਿਆਵਾਂ ਪਹੁੰਚਣਯੋਗ, ਜਵਾਬਦੇਹ ਅਤੇ ਬੱਚਿਆਂ ਅਤੇ ਯੁਵਾ ਲੋਕਾਂ, ਪਰਿਵਾਰਾਂ, ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਕਿਵੇਂ ਸਮਝੀਆਂ ਜਾਂਦੀਆਂ ਹਨ, ਬਾਰੇ ਮਾਰਗਦਰਸ਼ਨ ਕਰਦਾ ਹੈ। ਸ਼ਿਕਾਇਤ ਪ੍ਰਬੰਧਨ ਕਿਰਿਆਵਾਂ ਸੰਚਾਲਨ ਕੋਡ ਨਾਲ ਜੋੜੀਆਂ ਜਾਣਗੀਆਂ ਅਤੇ ਕੋਡ ਦੀ ਕਿੱਥੇ ਉਲੰਘਣਾ ਹੋ ਰਾਹੀਂ ਹੈ, ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਗੀਆਂ। ਸਿਖਲਾਈ ਸਟਾਫ਼ ਅਤੇ ਵਾਲੰਟੀਅਰਾਂ ਨੂੰ ਪਹਿਚਾਨਣ ਅਤੇ ਅਣਗਹਿਲੀ ਪ੍ਰਤੀ ਜਵਾਬ, ਗਰੂਮਿੰਗ ਅਤੇ ਨੁਕਸਾਨ ਦੇ ਹੋਰ ਰੂਪ, ਬੱਚਿਆਂ ਅਤੇ ਯੁਵਾ ਲੋਕਾਂ ਨੂੰ ਇਨ੍ਹਾਂ ਹਾਲਾਤਾਂ ਵਿੱਚ ਸਹਿਯੋਗ ਦੇਣਾ ਅਤੇ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਦੀ ਹੈ। ਇਸ ਵਿੱਚ ਅਲੱਗ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਜਵਾਬਦੇਹੀ ਵਿੱਚ ਸਹਾਇਤਾ, ਗੋਪਨੀਯਤਾ ਜ਼ਿੰਮੇਵਾਰੀਆਂ, ਸੁਣਨ ਵਿੱਚ ਮੁਹਾਰਤਾ, ਨੁਕਸਾਨ ਅਤੇ ਰਿਪੋਰਟਿੰਗ ਜ਼ਿੰਮੇਵਾਰੀਆਂ ਦਾ ਖੁਲਾਸਾ ਕਰਨ ਦੀ ਸਿਖਲਾਈ ਸ਼ਾਮਿਲ ਹੈ।

### ਕਾਰਵਾਈ ਦੇ ਮੁੱਖ ਖੇਤਰ:

6.1 ਸੰਸਥਾ ਕੋਲ ਪਹੁੰਚਯੋਗ, ਬੱਚਿਆਂ ਤੇ ਕੇਂਦਰਿਤ ਸ਼ਿਕਾਇਤ ਪ੍ਰਬੰਧਨ ਨੀਤੀ ਹੁੰਦੀ ਹੈ ਜੋ ਕਿ ਭੂਮਿਕਾ ਨੂੰ ਉਜਾਗਰ ਕਰਦੀ ਹੈ ਅਤੇ ਜ਼ਿੰਮੇਵਾਰੀ ਦੀ ਸੀਮਾ ਸਪੱਸ਼ਟ ਕਰਦੀ ਹੈ, ਸਟਾਫ਼ ਅਤੇ ਵਾਲੰਟੀਅਰਾਂ, ਅਲੱਗ ਤਰ੍ਹਾਂ ਦੀਆਂ ਸ਼ਿਕਾਇਤਾਂ ਨੂੰ ਨਜਿੱਠਣ ਦੀ ਪਹੁੰਚ, ਸੰਬੰਧਿਤ ਨੀਤੀਆਂ ਜਾਂ ਸੰਚਾਲਨ ਕੋਡ ਦੀ ਉਲੰਘਣਾ ਅਤੇ ਕੰਮ ਅਤੇ ਰਿਪੋਰਟਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਜਿੱਠਣ ਦੇ ਤਰੀਕੇ ਬਾਰੇ ਦੱਸਦੀ ਹੈ।

6.2 ਬੱਚਿਆਂ ਅਤੇ ਯੁਵਾ ਲੋਕਾਂ, ਪਰਿਵਾਰਾਂ, ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਪ੍ਰਭਾਵਸ਼ਾਲੀ ਸ਼ਿਕਾਇਤ ਪ੍ਰਬੰਧਨ ਕਿਰਿਆਵਾਂ ਨੂੰ ਸਮਝਿਆ ਜਾਂਦਾ ਹੈ ਅਤੇ ਇਹ ਸੱਭਿਆਚਾਰਕ ਰੂਪ ਵਿਚ ਸੁਰੱਖਿਅਤ ਹਨ।

6.3 ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ, ਅਤੇ ਤੁਰੰਤ ਅਤੇ ਚੰਗੀ ਤਰ੍ਹਾਂ ਇਨ੍ਹਾਂ ਦਾ ਜਵਾਬ ਦਿੱਤਾ ਜਾਂਦਾ ਹੈ।

6.4 ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਥਾਂ ਜੋ ਸੰਬੰਧਿਤ ਅਧਿਕਾਰਾਂ ਨੂੰ ਸ਼ਿਕਾਇਤਾਂ ਅਤੇ ਚਿੰਤਾਵਾਂ ਦੀ ਸੂਚਨਾ ਦਿੰਦੇ ਹਨ, ਕਾਨੂੰਨ ਦੀ ਜ਼ਰੂਰਤ ਹੈ ਜਾਂ ਨਹੀਂ, ਅਤੇ ਕਾਨੂੰਨ ਲਾਗੂ ਕਰਨ ਵਾਲੇ ਨੂੰ ਸਹਿਯੋਗ ਦੇਣ ਬਾਰੇ ਸੂਚਨਾ ਦਿੰਦੇ ਹਨ।

6.5 ਰਿਪੋਰਟ ਦੇਣੀ, ਗੋਪਨੀਯਤਾ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਮਿਲਦੀਆਂ ਹਨ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ:

- ਸਟਾਫ਼ ਅਤੇ ਵਾਲੰਟੀਅਰਾਂ ਨੂੰ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀਆਂ, ਰਿਪੋਰਟਾਂ ਦੇਣ ਅਤੇ ਗੋਪਨੀਯਤਾ ਜ਼ਿੰਮੇਵਾਰੀਆਂ ਅਤੇ ਖੁਲਾਸਿਆਂ ਦਾ ਜਵਾਬ ਦੇਣ ਵਾਲੀਆਂ ਕਿਰਿਆਵਾਂ ਬਾਰੇ ਚੰਗੀ ਤਰ੍ਹਾਂ ਸੂਚਿਤ ਕੀਤਾ ਜਾਂਦਾ ਹੈ। ਉਹ ਤਾਕਤਵਰ ਮਹਿਸੂਸ ਕਰਦੇ ਹਨ ਅਤੇ ਸੰਸਥਾ ਵਿੱਚ ਸੰਚਾਲਨ ਕੋਡ ਦੀ ਉਲੰਘਣਾ ਅਤੇ ਇਨ੍ਹਾਂ ਵਿਵਹਾਰਾਂ ਨੂੰ ਚੁਣੌਤੀ ਦੇਣ ਵੱਲ ਵੱਧ ਧਿਆਨ ਦਿੰਦੇ ਹਨ।
- ਸ਼ਿਕਾਇਤ ਪ੍ਰਬੰਧਨ ਨੀਤੀ ਬੱਚਿਆਂ ਅਤੇ ਯੁਵਾ ਲੋਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪਹਿਲ ਦਿੰਦੀ ਹੈ ਅਤੇ ਪਰਿਵਾਰਾਂ ਅਤੇ ਸਮੁਦਾਇਆਂ ਵਲੋਂ ਨੀਤੀਆਂ ਨੂੰ ਵਰਤਣ ਅਤੇ ਸਮਝਣ ਦੀ ਭੂਮਿਕਾ ਨੂੰ ਮਾਨਤਾ ਦਿੰਦੀ ਹੈ।
- ਨੀਤੀਆਂ ਅਤੇ ਪ੍ਰਥਾਵਾਂ ਸ਼ਿਕਾਇਤਾਂ ਜਾਂ ਜਾਂਚ ਕਰਨ ਸਮੇਤ ਉੱਚਿਤ ਸਹਿਯੋਗ ਅਤੇ ਜਾਣਕਾਰੀ ਦੇਣ ਲਈ ਸਾਰੀਆਂ ਪਾਰਟੀਆਂ ਨੂੰ ਨਿਰਪੱਖਤਾ ਦਿਖਾਉਂਦੀਆਂ ਹਨ।
- ਸਟਾਫ਼ ਅਤੇ ਵਾਲੰਟੀਅਰ ਅਲੱਗ ਤਰੀਕਿਆਂ ਦੇ ਬੱਚਿਆਂ ਅਤੇ ਯੁਵਾ ਲੋਕਾਂ ਵੱਲੋਂ ਜ਼ਾਹਿਰ ਕੀਤੀਆਂ ਚਿੰਤਾਵਾਂ ਜਾਂ ਬੋਝ ਅਤੇ ਨੁਕਸਾਨ ਦਾ ਖੁਲਾਸਾ ਕਰਨ ਦਾ ਵਧੀਆ ਗਿਆਨ ਹੁੰਦਾ ਹੈ।
- ਸਾਰੀਆਂ ਸ਼ਿਕਾਇਤਾਂ ਅਤੇ ਚਿੰਤਾਵਾਂ, ਸੰਚਾਲਨ ਕੋਡ ਜਾਂ ਸੰਬੰਧਿਤ ਨੀਤੀਆਂ ਦੀ ਉਲੰਘਣਾ, ਕਿਰਿਆਵਾਂ, ਟਾਈਮਫਰੇਮ ਅਤੇ ਰਿਕਾਰਡ ਰੱਖਣ ਵਾਲੀਆਂ ਪ੍ਰਥਾਵਾਂ ਬਾਰੇ ਜਾਣਕਾਰੀ ਨੂੰ ਰਿਕਾਰਡ ਕੀਤਾ ਜਾਂਦਾ ਹੈ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਦੁਆਰਾ ਵਿਵਸਥਿਤ ਮੁੱਦਿਆਂ ਨੂੰ ਪਛਾਣਿਆ ਜਾਂਦਾ ਹੈ ਅਤੇ ਘਟਾਇਆ ਜਾਂਦਾ ਹੈ।
- ਬੱਚੇ ਅਤੇ ਨੌਜਵਾਨ ਨੂੰ ਪਤਾ ਹੈ ਕਿ ਜੇ ਉਹ ਅਸੁਰੱਖਿਅਤ ਮਹਿਸੂਸ ਕਰਦੇ ਹਨ ਤਾਂ ਕਿਸ ਨਾਲ ਗੱਲ ਕਰਨੀ ਹੈ ਅਤੇ ਕੀ ਹੋਵੇਗਾ।
- ਬੱਚਿਆਂ ਅਤੇ ਨੌਜਵਾਨਾਂ, ਪਰਿਵਾਰਾਂ, ਸਟਾਫ਼ ਅਤੇ ਵਾਲੰਟੀਅਰਾਂ ਜੋ ਚਿੰਤਾਵਾਂ ਜਾਂ ਸ਼ਿਕਾਇਤ ਕਰਦੇ ਹਨ, ਨੂੰ ਸਮੇਂ ਤੇ ਫੀਡਬੈਕ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਘਟਨਾਵਾਂ, ਚਿੰਤਾਵਾਂ ਅਤੇ ਸ਼ਿਕਾਇਤਾਂ ਹੋਣ 'ਤੇ ਵਾਪਿਸ ਰਿਪੋਰਟ ਦੇਣਾ ਸ਼ਾਮਿਲ ਹੈ।

# ਸਿਧਾਂਤ 7

## ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਅਤੇ ਵਾਲੰਟੀਅਰਾਂ ਨੂੰ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਰਾਹੀਂ ਗਿਆਨ, ਮੁਹਾਰਤ ਅਤੇ ਜਾਗਰੂਕਤਾ ਨਾਲ ਭਰਪੂਰ ਰੱਖਿਆ ਜਾਂਦਾ ਹੈ।

### CRC ਦੀ ਧਾਰਾ 19: ਬੱਚਿਆਂ ਕੋਲ ਸਰੀਰ ਜਾਂ ਦਿਮਾਗ ਤੋਂ ਦੁਖੀ ਕਰਨ ਅਤੇ ਦੁਰਵਿਵਹਾਰ ਕਰਨ ਤੋਂ ਬਚਣ ਲਈ ਹੱਕ ਹਨ।

ਇਹ ਸਿਧਾਂਤ ਸਟਾਫ਼ ਅਤੇ ਵਾਲੰਟੀਅਰਾਂ ਦੀ ਜਾਣਕਾਰੀ, ਚੱਲ ਰਹੀ ਸਿੱਖਿਆ ਅਤੇ ਸਿਖਲਾਈ ਦੀ ਜਾਣਕਾਰੀ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਸਟਾਫ਼ ਅਤੇ ਵਾਲੰਟੀਅਰ ਪ੍ਰੋਫੈਸ਼ਨਲ ਸੈਮੀਨਾਰ ਅਤੇ ਮੈਂਬਰਸ਼ਿਪ, ਨਿਗਰਾਨੀ ਵਾਲੇ ਸਾਥੀਆਂ ਦੀ ਚਰਚਾ, ਸਿਖਲਾਈ ਵਾਲੇ ਦਿਨਾਂ ਦੀ ਟੀਮ ਅਤੇ ਖੋਜ ਅਤੇ ਪ੍ਰਕਾਸ਼ਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਗਿਆਨ ਅਤੇ ਮੁਹਾਰਤ ਅਤੇ ਸਬੂਤ-ਆਧਾਰਿਤ ਪ੍ਰੈਕਟਿਸ ਟੂਲ ਬਣਾਉਂਦੇ ਹਨ। ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ ਯੁਵਾ ਲੋਕਾਂ ਦੇ ਪ੍ਰਤੀ ਉਨ੍ਹਾਂ ਦੇ ਰਵੱਈਏ ਵਿੱਚ ਜਾਗਰੂਕਤਾ ਪੈਦਾ ਕਰਦੇ ਹਨ ਅਤੇ ਸਮਝਦੇ ਹਨ ਅਤੇ ਬੱਚਿਆਂ ਦੇ ਵਿਕਾਸ, ਸੁਰੱਖਿਆ ਅਤੇ ਤੰਦਰੁਸਤੀ ਲਈ ਸਮਕਾਲੀ ਸਮਝ ਰੱਖਦੇ ਹਨ। ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ, ਬੱਚਿਆਂ ਅਤੇ ਯੁਵਾ ਲੋਕ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਸਹਿਕਰਮੀਆਂ ਨੂੰ ਸਹਿਯੋਗ ਦੇਣ ਲਈ ਪੂਰੀ ਤਰ੍ਹਾਂ ਜਵਾਬਦੇਹੀ ਕਰਨ ਵਾਲੇ ਸੂਚਕਾਂ ਦੀ ਪਛਾਣ ਕਰਨ ਦੇ ਯੋਗ ਹੁੰਦੇ ਹਨ। ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਸੱਭਿਆਚਾਰਕ ਦੇ ਉੱਚਿਤ ਤਰੀਕਿਆਂ ਨਾਲ, ਜੋ ਖੁਲਾਸਾ ਕਰਦੇ ਹਨ ਜਾਂ ਅਜਿਹੇ ਚਿੰਨ੍ਹਾਂ ਦਾ ਅਨੁਭਵ ਕਰਦੇ ਹਨ ਜੋ ਉਨ੍ਹਾਂ ਨੂੰ ਅੰਦਰੋਂ ਜਾਂ ਬਾਹਰੋਂ ਨੁਕਸਾਨ ਪਹੁੰਚਾਉਂਦੇ ਹਨ, ਜਵਾਬਦੇਹੀ ਕਰਨ ਦੇ ਯੋਗ ਹਨ।

ਸਟਾਫ਼ ਅਤੇ ਵਾਲੰਟੀਅਰਾਂ ਨੂੰ ਬੱਚਿਆਂ ਅਤੇ ਯੁਵਾ ਲੋਕਾਂ ਨਾਲ ਸੰਬੰਧਿਤ ਰਿਕਾਰਡ ਰੱਖਣ ਅਤੇ ਸੰਭਾਵੀ ਵਰਤੋਂ ਅਤੇ ਰਿਕਾਰਡ ਲਈ ਆਡੀਐਂਸ ਬਣਾਉਣ ਦੀ ਸਿਖਲਾਈ ਦਿੱਤੀ ਹੁੰਦੀ ਹੈ।

### ਕਾਰਵਾਈ ਦੇ ਮੁੱਖ ਖੇਤਰ:

7.1 ਸਟਾਫ਼ ਅਤੇ ਵਾਲੰਟੀਅਰ ਸਿਖਲਾਈ ਪ੍ਰਾਪਤ ਕੀਤੇ ਹੋਏ ਹਨ ਅਤੇ ਸੰਸਥਾ ਵਿੱਚ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੀਤੀ ਨੂੰ ਚੰਗੀ ਤਰ੍ਹਾਂ ਲਾਗੂ ਕਰਨ ਵਿੱਚ ਸਹਿਯੋਗ ਦਿੰਦੇ ਹਨ।

7.2 ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸੂਚਕਾਂ ਸਮੇਤ ਅਤੇ ਹੋਰ ਬੱਚਿਆਂ ਅਤੇ ਯੁਵਾ ਲੋਕਾਂ ਦੁਆਰਾ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਪਛਾਣਨ ਦੀ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਦੇ ਹਨ।

7.3 ਸਟਾਫ਼ ਅਤੇ ਵਾਲੰਟੀਅਰ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਦਿਆਂ ਉੱਤੇ ਪ੍ਰਭਾਵਪੂਰਨ ਜਵਾਬਦੇਹੀ ਅਤੇ ਨੁਕਸਾਨ ਤੋਂ ਬਚਾਉਣ ਵਾਲੇ ਸਹਿਕਰਮੀਆਂ ਨੂੰ ਸਹਿਯੋਗ ਦੇਣ ਦੀ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਦੇ ਹਨ।

7.4 ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ ਯੁਵਾ ਲੋਕਾਂ ਲਈ ਸੱਭਿਆਚਾਰਕ ਸੁਰੱਖਿਆ ਵਾਤਾਵਰਨ ਕਿਵੇਂ ਬਣਾਉਣੇ ਹਨ ਦੀ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਦੇ ਹਨ।

### ਸੂਚਕ ਜੋ ਸਿਧਾਂਤ ਬਰਕਰਾਰ ਰੱਖਦੇ ਹਨ।

- ਸੰਸਥਾ ਨਿਯਮਿਤ ਤੌਰ 'ਤੇ ਸਟਾਫ਼ ਨੂੰ ਬਾਲ-ਸੁਰੱਖਿਆ ਅਤੇ ਤੰਦਰੁਸਤੀ ਨੀਤੀਆਂ ਅਤੇ ਪ੍ਰਥਾਵਾਂ ਅਤੇ ਸਬੂਤ-ਆਧਾਰਿਤ ਪ੍ਰਥਾਵਾਂ ਬਾਰੇ ਸਿਖਾਉਣ ਅਤੇ ਸਿਖਲਾਈ ਦੇਣ ਲਈ ਮੌਕੇ ਪ੍ਰਦਾਨ ਕਰਦੀ ਹੈ।
- ਸੰਸਥਾ ਸਟਾਫ਼ ਅਤੇ ਵਾਲੰਟੀਅਰ ਜੋ ਬੱਚਿਆਂ ਨੂੰ ਹੋਣ ਵਾਲੇ ਨੁਕਸਾਨ ਜਾਂ ਖਤਰਿਆਂ ਨੂੰ ਖਤਮ ਕਰਦੇ ਹਨ, ਨੂੰ ਇੱਕ ਸਹਿਯੋਗ ਦੇਣ ਵਾਲਾ ਅਤੇ ਸੁਰੱਖਿਅਤ ਵਾਤਾਵਰਨ ਪ੍ਰਦਾਨ ਕਰਦੀ ਹੈ।
- ਬੱਚਿਆਂ ਅਤੇ ਯੁਵਾ ਲੋਕਾਂ ਅਤੇ ਉਨ੍ਹਾਂ ਦੀਆਂ ਲੋੜਾਂ ਸੰਬੰਧਿਤ ਰਿਕਾਰਡ ਰੱਖਣ ਲਈ ਅਤੇ ਬੱਚਿਆਂ ਅਤੇ ਯੁਵਾ ਲੋਕਾਂ ਦੇ ਅਧਿਕਾਰਾਂ 'ਤੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।
- ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸੂਚਕਾਂ ਦੀ ਸੀਮਾ ਨੂੰ ਪਛਾਣਦੇ ਹਨ।
- ਬਾਲ-ਸੁਰੱਖਿਆ ਅਤੇ ਤੰਦਰੁਸਤੀ ਜਾਂ ਸੱਭਿਆਚਾਰਕ ਸੁਰੱਖਿਆ ਉੱਤੇ ਜਦੋਂ ਕੋਈ ਵੀ ਮੁੱਦੇ ਉੱਠਦੇ ਹਨ ਤਾਂ ਸਟਾਫ਼ ਅਤੇ ਵਾਲੰਟੀਅਰ ਪ੍ਰਭਾਵੀ ਤੌਰ ਤੇ ਜਵਾਬਦੇਹ ਹੁੰਦੇ ਹਨ।

# ਸਿਧਾਂਤ 8

## ਭੌਤਿਕ ਅਤੇ ਆਨਲਾਈਨ ਵਾਤਾਵਰਨ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ ਨਾਲ ਹੀ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕਿਆਂ ਨੂੰ ਘੱਟ ਤੋਂ ਘੱਟ ਕਰਦੇ ਹਨ।

CRC ਦੀ ਧਾਰਾ 17: ਬੱਚਿਆਂ ਨੂੰ ਰੇਡੀਓ, ਅਖਬਾਰਾਂ, ਕਿਤਾਬਾਂ, ਕੰਪਿਊਟਰਾਂ ਅਤੇ ਹੋਰ ਸਰੋਤਾਂ ਤੋਂ ਜਾਣਕਾਰੀ ਜੋ ਕਿ ਉਨ੍ਹਾਂ ਲਈ ਮਹੱਤਵਪੂਰਨ ਹੈ, ਪ੍ਰਾਪਤ ਕਰਨ ਦਾ ਅਧਿਕਾਰ ਹੈ। ਬਾਲਗ਼ਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਮਿਲਣ ਵਾਲੀ ਜਾਣਕਾਰੀ ਹਾਨੀਕਾਰਕ ਨਹੀਂ ਹੈ ਅਤੇ ਜਾਣਕਾਰੀ ਉਨ੍ਹਾਂ ਨੂੰ ਜੋ ਚਾਹੀਦਾ ਹੈ ਉਸਨੂੰ ਲੱਭਣ ਅਤੇ ਸਮਝਣ ਵਿੱਚ ਮੱਦਦ ਕਰੇਗੀ।

ਇਹ ਸਿਧਾਂਤ ਭੌਤਿਕ ਅਤੇ ਆਨਲਾਈਨ ਵਾਤਾਵਰਨ ਵਿੱਚ ਖਤਰਿਆਂ ਨੂੰ ਘਟਾਉਣ ਲਈ ਇੱਕ ਮਹੱਤਵਪੂਰਨ ਬਚਾਓ ਵਿਧੀ ਨੂੰ ਉਜਾਗਰ ਕਰਦਾ ਹੈ। ਜ਼ੋਖਮ ਪ੍ਰਬੰਧਨ ਰਣਨੀਤੀਆਂ ਜਿੱਥੇ ਬਾਲਗ਼ਾਂ ਤੋਂ ਬੱਚਿਆਂ ਜਾਂ ਬੱਚਿਆਂ ਤੋਂ ਬੱਚਿਆਂ ਨਾਲ ਗੱਲਬਾਤ ਕਰਨ ਨਾਲ ਜਾਂ ਜਿੱਥੇ ਭੌਤਿਕ ਵਾਤਾਵਰਨ ਅਸੁਰੱਖਿਅਤ ਹੋਣ ਨਾਲ ਹੋਣ ਵਾਲੇ ਸੰਭਾਵੀ ਖ਼ਤਰਿਆਂ ਨੂੰ ਸਾਫ਼ ਕਰਦਾ ਹੈ।

ਸੰਸਥਾਵਾਂ ਦੇ ਅੰਦਰ ਤਕਨਾਲੋਜੀ ਦੇ ਪਲੇਟਫਾਰਮ ਸਿੱਖਿਆ, ਸੰਚਾਰ ਅਤੇ ਮੱਦਦ ਲੱਭਣ ਵਿੱਚ ਕੀਮਤੀ ਟੂਲ ਪ੍ਰਦਾਨ ਕਰਦੇ ਹਨ। ਇਨ੍ਹਾਂ ਪਲੇਟਫਾਰਮਾਂ ਨਾਲ ਸੰਬੰਧਿਤ ਖਤਰੇ ਕੁੱਝ ਜ਼ਰੂਰੀ ਤਰੀਕੇ ਨਾਲ ਘਟਾਏ ਗਏ ਹਨ, ਜਿਸ ਵਿੱਚ: ਆਨਲਾਈਨ ਤਰੀਕੇ ਨਾਲ ਕੰਮ ਕਰਨ ਬਾਰੇ ਬੱਚਿਆਂ ਅਤੇ ਯੁਵਾ ਲੋਕਾਂ, ਮਾਪਿਆਂ, ਸਟਾਫ਼ ਅਤੇ ਵਾਲੰਟੀਅਰਾਂ ਦੀ ਸਿੱਖਿਆ, ਸੁਰੱਖਿਆ ਫਿਲਟਰਾਂ ਦਾ ਪ੍ਰਯੋਗ ਅਤੇ ਸੰਚਾਰ ਪ੍ਰੋਟੋਕੋਲ ਸ਼ਾਮਿਲ ਹਨ।

### ਕਾਰਵਾਈ ਦੇ ਮੁੱਖ ਖੇਤਰ:

8.1 ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਦੇ ਨਿੱਜਤਾ, ਜਾਣਕਾਰੀ ਦੀ ਪਹੁੰਚ, ਸਮਾਜਿਕ ਸੰਪਰਕ ਅਤੇ ਸਿੱਖਣ ਦੇ ਮੌਕਿਆਂ ਨਾਲ ਬਿਨਾਂ ਕਿਸੇ ਸਮਝੌਤੇ ਦੇ ਆਨਲਾਈਨ ਅਤੇ ਭੌਤਿਕ ਵਾਤਾਵਰਨ ਵਿੱਚ ਖਤਰਿਆਂ ਨੂੰ ਪਛਾਣਦੇ ਅਤੇ ਘਟਾਉਂਦੇ ਹਨ।

8.2 ਸੰਸਥਾ ਦੇ ਸੰਚਾਲਨ ਕੋਡ ਅਤੇ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਅਤੇ ਪ੍ਰਥਾਵਾਂ ਦੇ ਅਨੁਸਾਰ ਆਨਲਾਈਨ ਵਾਤਾਵਰਨ ਨੂੰ ਵਰਤਿਆ ਜਾਂਦਾ ਹੈ।

8.3 ਜੋਖਮ ਪ੍ਰਬੰਧਨ ਸੰਸਥਾਗਤ ਸੈਟਿੰਗਾਂ, ਗਤੀਵਿਧੀਆਂ, ਅਤੇ ਭੌਤਿਕ ਵਾਤਾਵਰਨ ਦੁਆਰਾ ਖਤਰਿਆਂ 'ਤੇ ਵਿਚਾਰ ਕਰਨ ਲਈ ਯੋਜਨਾ ਬਣਾਉਂਦਾ ਹੈ।

8.4 ਸੰਸਥਾ ਜੋ ਸਹੂਲਤਾਂ ਅਤੇ ਸੇਵਾਵਾਂ ਤੀਜੀ ਧਿਰ ਪਾਰਟੀਆਂ ਤੋਂ ਕੰਟਰੈਕਟ ਤੇ ਲੈਂਦੇ ਹਨ, ਉਨ੍ਹਾਂ ਕੋਲ ਖਰੀਦਦਾਰੀ ਨੀਤੀਆਂ ਹੁੰਦੀਆਂ ਹਨ ਜੋ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ।

### ਸੂਚਕ ਜੋ ਇਹ ਸਿਧਾਂਤ ਬਰਕਰਾਰ ਰੱਖਦੇ ਹਨ:

- ਸੰਗਠਨ ਦਾ ਜੋਖਮ ਪ੍ਰਬੰਧਨ ਰਣਨੀਤੀ ਭੌਤਿਕ ਅਤੇ ਆਨਲਾਈਨ ਖਤਰੇ, ਬੱਚਿਆਂ ਤੋਂ ਬੱਚਿਆਂ ਨੂੰ ਅਤੇ ਬਾਲਗ਼ਾਂ ਤੋਂ ਬੱਚਿਆਂ ਦੇ ਸੰਪਰਕ ਵਿੱਚ ਆਉਣ ਹੋਣ ਵਾਲੇ ਖਤਰੇ ਅਤੇ ਰਾਜ ਅਤੇ ਸਥੂਲ ਸਥਾਨਾਂ ਦੀ ਕੁਦਰਤ ਨੂੰ ਵਿਖਿਆਨ ਕਰਦਾ ਹੈ।
- ਸੰਸਥਾ ਦੀਆਂ ਨੀਤੀਆਂ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖਣ ਲਈ, ਸੰਚਾਰ ਕਰਨ ਲਈ ਅਤੇ ਮੱਦਦ ਲੈਣ ਲਈ ਆਨਲਾਈਨ ਵਰਤੋਂ ਨੂੰ ਵਰਤਣ ਲਈ ਉਤਸ਼ਾਹਿਤ ਕਰਦੀਆਂ ਹਨ।
- ਸੰਸਥਾ ਵਿੱਚ ਭੌਤਿਕ ਵਾਤਾਵਰਨ, ਸੱਭਿਆਚਾਰਕ ਸੁਰੱਖਿਆ ਨੂੰ ਉਤਸ਼ਾਹਿਤ ਕਰ ਸਕਣ ਵਾਲੇ ਤਰੀਕੇ ਸਮਝਦੀ ਹੈ।
- ਸਟਾਫ਼ ਅਤੇ ਵਾਲੰਟੀਅਰ ਭੌਤਿਕ ਅਤੇ ਆਨਲਾਈਨ ਖਤਰਿਆਂ ਨੂੰ ਪਛਾਣਨ ਅਤੇ ਘਟਾਉਣ ਲਈ ਕਿਰਿਆਸ਼ੀਲ ਰਹਿੰਦੇ ਹਨ।
- ਸੰਗਠਨ ਦੇ ਸੰਚਾਲਨ ਕੋਡ ਅਤੇ ਸੰਬੰਧਿਤ ਪਰੋਟੋਕਾਲ ਦੇ ਅਨੁਸਾਰ ਸਟਾਫ਼ ਅਤੇ ਵਾਲੰਟੀਅਰ ਆਨਲਾਈਨ ਵਾਤਾਵਰਨ ਵੱਲ ਪਹੁੰਚ ਕਰਦੇ ਅਤੇ ਵਰਤਦੇ ਹਨ।
- ਸੱਭਿਆਚਾਰਕ ਢੰਗ ਨਾਲ ਸੰਸਥਾ ਦੀ ਤਕਨਾਲੋਜੀ ਅਤੇ ਸੁਰੱਖਿਆ ਟੂਲ ਵਰਤਣ ਬਾਰੇ ਬੱਚਿਆਂ ਅਤੇ ਨੌਜਵਾਨ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ।
- ਤੀਜੀ ਧਿਰ ਦੇ ਠੇਕੇਦਾਰਾਂ ਕੋਲ ਸਹੂਲਤਾਂ ਅਤੇ ਸੇਵਾਵਾਂ ਦੇ ਪ੍ਰਬੰਧ ਕਰਨ ਲਈ ਢੁੱਕਵੇਂ ਕਦਮ ਹਨ ਤਾਂ ਜੋ ਬੱਚਿਆਂ ਅਤੇ ਨੌਜਵਾਨ ਲੋਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਇਆ ਜਾ ਸਕੇ।

# ਸਿਧਾਂਤ 9

## ਕੌਮੀ ਬਾਲ ਸੁਰੱਖਿਆ ਸਿਧਾਂਤਾਂ ਦਾ ਨਿਯਮਿਤ ਤੌਰ ‘ਤੇ ਸਮੀਖਿਆ ਕਰਨਾ ਅਤੇ ਸੁਧਾਰ ਕਰਨਾ ਲਾਗੂ ਕੀਤਾ ਜਾਂਦਾ ਹੈ।

CRC ਦੀ ਧਾਰਾ 29 ਬੱਚਿਆਂ ਦੀ ਪੜ੍ਹਾਈ ਪ੍ਰਤਿਭਾ ਅਤੇ ਕਾਬਲੀਅਤਾਂ ਨੂੰ ਵਿਕਸਿਤ ਕਰਨ ਵਿੱਚ ਮੱਦਦ ਕਰਦੀ ਹੈ। ਇਹ ਸ਼ਾਂਤੀਪੂਰਵਕ ਜਿਊਣਾ ਸਿੱਖਣਾ, ਵਾਤਾਵਰਣ ਨੂੰ ਬਚਾਉਣਾ ਅਤੇ ਹੋਰ ਲੋਕਾਂ ਦਾ ਆਦਰ ਕਰਨ ਵਿੱਚ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ।

ਇਹ ਸਿਧਾਂਤ ਬਾਲ-ਸੁਰੱਖਿਆ ਸੰਸਥਾਵਾਂ ਨੂੰ ਬਾਲ-ਸੁਰੱਖਿਆ ਸੇਵਾਵਾਂ ਅਤੇ ਉਨ੍ਹਾਂ ਦੀ ਕਾਰਵਾਈ ਵਿੱਚ ਲਗਾਤਾਰ ਸੁਧਾਰ ਕਰਨ ਤੇ ਜ਼ੋਰ ਦਿੰਦਾ ਹੈ। ਉਹ ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਸੰਸਥਾਵਾਂ ਦੀਆਂ ਨੀਤੀਆਂ ਅਤੇ ਪ੍ਰਥਾਵਾਂ, ਰਿਕਾਰਡ ਰੱਖਣ ਵਾਲੀਆਂ ਪ੍ਰਥਾਵਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਮੀਖਿਆ ਕਰਵਾਉਂਦੇ ਹਨ। ਇਨ੍ਹਾਂ ਸਮੀਖਿਆਵਾਂ ਵਿੱਚ ਸਟਾਫ਼, ਵਾਲੰਟੀਅਰਾਂ, ਬੱਚਿਆਂ ਅਤੇ ਨੌਜਵਾਨ ਲੋਕਾਂ, ਪਰਿਵਾਰਾਂ ਅਤੇ ਕਮਿਊਨਿਟੀ ਸਲਾਹਕਾਰਾਂ ਦੀ ਭਾਗੀਦਾਰੀ ਅਤੇ ਸ਼ਮੂਲੀਅਤ ਸੰਸਥਾ ਦੀ ਬਾਲ-ਸੁਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਦੀ ਹੈ। ਸਮੀਖਿਆ ਦੇ ਪਾਏ ਜਾਣ, ਅਤੇ ਚੰਗੀਆਂ ਪ੍ਰਥਾਵਾਂ ਅਤੇ ਸਿੱਖਿਆਵਾਂ ਨੂੰ ਨਿਯਮਿਤ ਤੌਰ ਤੇ ਸਾਂਝਾ ਕਰਨ ਦੀ ਰਿਪੋਰਟਿੰਗ ਦੀ ਮਹੱਤਤਾ ਇਸ ਵਿੱਚ ਸ਼ਾਮਿਲ ਕੀਤੀ ਗਈ ਹੈ। ਨਿਯਮਿਤ ਸਮੀਖਿਆਵਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਸੰਸਥਾਵਾਂ ਪੈਦਾ ਹੋਣ ਵਾਲੀਆਂ ਨਵੀਆਂ ਚੁਣੌਤੀਆਂ ਜਾਂ ਸਰੋਕਾਰ ਨੂੰ ਤਵੱਜੋ ਦਿੰਦੀਆਂ ਹਨ।

### ਕਾਰਵਾਈ ਲਈ ਮੁੱਖ ਖੇਤਰ:

9.1 ਸੰਸਥਾ ਨਿਯਮਿਤ ਤੌਰ ‘ਤੇ ਬਾਲ-ਸੁਰੱਖਿਆ ਪ੍ਰਥਾਵਾਂ ਦੀ ਸਮੀਖਿਆ ਕਰਦੀ ਹੈ, ਮੁਲਾਂਕਣ ਕਰਦੀ ਹੈ ਅਤੇ ਸੁਧਾਰ ਕਰਦੀ ਹੈ।

9.2 ਲਗਾਤਾਰ ਸੁਧਾਰ ਕਰਨ ਲਈ ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਦੇ ਕਾਰਨਾਂ ਅਤੇ ਪ੍ਰਣਾਲੀਗਤ ਅਸਫਲਤਾਵਾਂ ਦੀ ਪਛਾਣ ਕਰਨ ਲਈ ਵਿਸ਼ਲੇਸ਼ਣ ਕਰਕੇ ਸੂਚਿਤ ਕੀਤਾ ਜਾਂਦਾ ਹੈ।

9.3 ਸੰਗਠਨ ਸਟਾਫ਼ ਅਤੇ ਸਵੈ-ਸੇਵਕਾਂ, ਭਾਈਚਾਰੇ, ਅਤੇ ਪਰਿਵਾਰਾਂ ਅਤੇ ਬੱਚਿਆਂ ਅਤੇ ਨੌਜਵਾਨਾਂ ਲਈ ਸੰਬੰਧਿਤ ਸਮੀਖਿਆਵਾਂ ਦੇ ਨਤੀਜਿਆਂ ਬਾਰੇ ਸੂਚਨਾ ਦਿੰਦਾ ਹੈ।

### ਸੂਚਕ, ਜੋ ਇਹ ਸਿਧਾਂਤ ਬਰਕਰਾਰ ਰੱਖਦੇ ਹਨ:

- ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਥਾਵਾਂ ਦੀ ਨਿਯਮਿਤ ਸਮੀਖਿਆ ਦੌਰਾਨ ਸੰਗਠਨ ਬੱਚਿਆਂ ਅਤੇ ਨੌਜਵਾਨਾਂ, ਮਾਪਿਆਂ ਅਤੇ ਕਮਿਊਨਿਟੀਆਂ ਦੀ ਸ਼ਮੂਲੀਅਤ ਚਾਹੁੰਦਾ ਹੈ।
- ਬਾਲ-ਸੁਰੱਖਿਆ ਅਤੇ ਤੰਦਰੁਸਤੀ ਸੂਚਕ ਸਮੀਖਿਆਵਾਂ ਲਈ ਵਰਤੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਸ਼ਾਮਿਲ ਹਨ।
- ਬਾਲ-ਸੁਰੱਖਿਆ ਪ੍ਰਥਾਵਾਂ ਨੂੰ ਬਿਹਤਰ ਬਣਾਉਣ ਲਈ ਸਮੀਖਿਆ ਨਤੀਜਿਆਂ ‘ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਲਾਗੂ ਵੀ ਕੀਤਾ ਜਾਂਦਾ ਹੈ।
- ਸ਼ਿਕਾਇਤਾਂ ਦਾ ਨਿਯਮਿਤ ਵਿਸ਼ਲੇਸ਼ਣ ਬਾਲ-ਸੁਰੱਖਿਆ ਪ੍ਰਥਾਵਾਂ ਵਿੱਚ ਸੁਧਾਰ ਦਰਸਾਉਂਦਾ ਹੈ।

# ਸਿਧਾਂਤ 10

## ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਦੱਸਦਾ ਹੈ ਕਿ ਸੰਸਥਾਵਾਂ ਬੱਚਿਆਂ ਅਤੇ ਨੌਜਵਾਨ ਲਈ ਕਿਵੇਂ ਸੁਰੱਖਿਅਤ ਹਨ।

CRC ਦੀ ਧਾਰਾ 4: ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਅਧਿਕਾਰ ਸੁਰੱਖਿਅਤ ਹੋਣ ਨੂੰ ਯਕੀਨੀ ਬਣਾਉਣ। ਉਹ ਪਰਿਵਾਰਾਂ ਨੂੰ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਨਾ ਅਤੇ ਅਜਿਹਾ ਮਾਹੌਲ ਪੈਦਾ ਕਰਨ ਵਿੱਚ ਮਦਦ ਕਰਦੇ ਹਨ ਜਿਸ ਵਿੱਚ ਬੱਚੇ ਵਧ ਸਕਦੇ ਹਨ ਅਤੇ ਆਪਣਾ ਸਮਰੱਥਾ ਨੂੰ ਪ੍ਰਾਪਤ ਕਰ ਸਕਦੇ ਹਨ।

ਸੰਸਥਾਵਾਂ ਵਿੱਚ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੇ ਦਸਤਾਵੇਜੀਕਰਨ ਦੀ ਮਹੱਤਤਾ ਹੈ, ਜੋ ਸਾਫ਼ ਤੌਰ ਤੇ ਇਸ ਸਿਧਾਂਤ ਦੀ ਰੂਪਰੇਖਾ ਹੈ। ਇਹ ਸਾਰੇ ਹਿੱਤ ਧਾਰਕਾਂ, ਸੰਗਠਨ ਦੇ ਸਟਾਫ ਅਤੇ ਵਾਲੰਟੀਅਰਾਂ ਸਮੇਤ, ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਸੰਭਾਲਕਰਤਾ ਨੂੰ ਸੰਗਠਨ ਅਜਿਹਾ ਵਾਤਾਵਰਨ ਬਣਾਉਣ ਲਈ ਜੋ ਬੱਚਿਆਂ ਲਈ ਸੁਰੱਖਿਅਤ ਹੈ, ਆਪਣੀਆਂ ਜ਼ਿੰਮੇਵਾਰੀਆਂ ਕਿਵੇਂ ਪੂਰਾ ਕਰ ਰਿਹਾ ਹੈ, ਬਾਰੇ ਜਾਣੂ ਕਰਵਾਉਣਾ ਯਕੀਨੀ ਬਣਾਵੇਗਾ। ਬੱਚਿਆਂ ਅਤੇ ਨੌਜਵਾਨਾਂ ਨੂੰ ਸੇਵਾਵਾਂ ਦੇਣ ਲਈ ਪਾਰਟਨਰ ਏਜੰਸੀਆਂ ਜਾਂ ਸੰਸਥਾਵਾਂ ਨੂੰ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਦਾ ਅਤੇ ਪ੍ਰਥਾਵਾਂ ਦਾ ਪਾਲਣ ਕਰਨ ਲਈ ਦਿੱਤੇ ਜਾਣ ਵਾਲੇ ਫੰਡ ਨੂੰ ਤੰਦਰੁਸਤੀ ਨੀਤੀਆਂ ਅਤੇ ਅਭਿਆਸਾਂ ਨੂੰ ਦਰਸਾਉਣਾ ਚਾਹੀਦਾ ਹੈ।

ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਸੰਸਥਾ ਭਰ ਵਿੱਚ ਬੱਚਿਆਂ ਲਈ ਸੁਰੱਖਿਅਤ ਪ੍ਰਣਾਲੀ ਨੂੰ ਇਕਸਾਰ ਲਾਗੂ ਕਰਨ ਨੂੰ ਯਕੀਨੀ ਕਰਦਾ ਹੈ। ਇਹ ਸੰਸਥਾਵਾਂ ਨੂੰ ਪ੍ਰਕਿਰਿਆਵਾਂ ਦੀ ਸਮੀਖਿਆ ਦੁਆਰਾ, ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਸਿਧਾਂਤਾਂ ਅਤੇ ਅਮਲਾਂ ਦੀ ਪਾਲਣਾ ਕਰਨ ਅਤੇ ਜਾਂਚ ਕਰਨ ਦੇ ਯੋਗ ਬਣਾਉਂਦਾ ਹੈ।

### ਕਾਰਵਾਈਕਰਨ ਦੇ ਮੁੱਖ ਖੇਤਰ:

10.1 ਨੀਤੀਆਂ ਅਤੇ ਪ੍ਰਕਿਰਿਆਵਾਂ ਸਾਰੇ ਬਾਲ-ਸੁਰੱਖਿਆ ਦੇ ਕੌਮੀ ਸਿਧਾਂਤਾਂ ਨੂੰ ਸੰਬੋਧਨ ਕਰਦੀਆਂ ਹਨ।

10.2 ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ ਅਤੇ ਆਸਾਨੀ ਨਾਲ ਸਮਝ ਆ ਜਾਂਦਾ ਹੈ।

10.3 ਵਧੀਆ ਅਭਿਆਸ ਮਾਡਲ ਅਤੇ ਹਿੱਤ-ਧਾਰਕਾਂ ਨਾਲ ਸਲਾਹ-ਮਸ਼ਵਰਾ, ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਵਿਕਾਸ ਨੂੰ ਸੂਚਿਤ ਕਰਦੇ ਹਨ।

10.4 ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਨਾਲ ਲੀਡਰਾਂ ਦੇ ਚੈਂਪੀਅਨ ਅਤੇ ਮਾਡਲ ਦੀ ਪਾਲਣਾ।

10.5 ਸਟਾਫ ਅਤੇ ਵਲੰਟੀਅਰ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਦੇ ਅਤੇ ਲਾਗੂ ਕਰਦੇ ਹਨ।

### ਸੂਚਕ ਜੋ ਇਹ ਸਿਧਾਂਤ ਨੂੰ ਬਰਕਰਾਰ ਰੱਖਦੇ ਹਨ:

- ਸੰਸਥਾ ਦੇ ਬੱਚਿਆ ਦੀ ਸੁਰੱਖਿਆ ਅਤੇ ਤੰਦਰੁਸਤੀ ਦੀ ਨੀਤੀ ਵਿਆਪਕ ਹੈ ਅਤੇ ਦਸ ਸਿਧਾਂਤਾਂ ਵਿੱਚੋਂ ਤਿੰਨ ਸਿਧਾਂਤ ਇਸ ਨੂੰ ਸੰਬੋਧਨ ਕਰਦੇ ਹਨ।
- ਸੰਸਥਾ ਦੀ ਬਾਲ-ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਭਾਸ਼ਾ ਅਤੇ ਪੁਸਤਕ ਦੇ ਰੂਪ ਵਿੱਚ ਲਿਖਤੀ ਦਸਤਾਵੇਜ ਬਣਾ ਦਿੱਤਾ ਹੈ ਜੋ ਕਿ ਸਟਾਫ, ਵਲੰਟੀਅਰਾਂ, ਪਰਿਵਾਰਾਂ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਸਾਨੀ ਨਾਲ ਮਿਲ ਜਾਵੇ ਅਤੇ ਸਮਝ ਆ ਜਾਵੇ।
- ਸੰਗਠਨ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਆਡਿਟ ਸੰਗਠਨ ਦੇ ਆਪਣੇ ਸ਼ਾਸਨ, ਲੀਡਰਸ਼ਿਪ ਅਤੇ ਸੱਭਿਆਚਾਰ ਦੁਆਰਾ ਬੱਚੇ ਦੀ ਸੁਰੱਖਿਆਦਾ ਸਬੂਤ ਮੁਹੱਈਆ ਕਰਵਾਉਂਦੇ ਹਨ।
- ਸੰਗਠਨ ਦੇ ਅੰਦਰ ਪ੍ਰੈਕਟਿਸ ਕਰਨਾ ਸਾਰੇ ਬੋਰਡ ਦੇ ਅੰਦਰ ਇਕਸਾਰ ਹੁੰਦਾ ਹੈ ਅਤੇ ਬੱਚਿਆਂ ਦੀਆਂ ਸੁਰੱਖਿਅਤ ਨੀਤੀਆਂ ਅਤੇ ਪ੍ਰਕਿਰਿਆਵਾਂ ਜਿਵੇਂ ਕਿ ਸੱਭਿਆਚਾਰਕ ਤੌਰ ਤੇ ਸੁਰੱਖਿਅਤ ਅਮਲਾਂ ਦੇ ਅਨੁਕੂਲ ਹੁੰਦਾ ਹੈ।
- ਬੱਚਿਆਂ ਅਤੇ ਨੌਜਵਾਨਾਂ, ਪਰਿਵਾਰਾਂ ਅਤੇ ਕਮਿਊਨਿਟੀ ਮੈਂਬਰਾਂ ਦੀ ਇੰਟਰਵਿਊ ਜਾਂ ਸਰਵੇਖਣ ਬਾਲ-ਸੁਰੱਖਿਆ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸੰਗਠਨ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਆਤਮ-ਵਿਸ਼ਵਾਸ ਅਤੇ ਜਾਗਰੂਕਤਾ ਦਿਖਾਉਂਦੇ ਹਨ।
- ਕਾਰਜਕਾਰੀ, ਵਲੰਟੀਅਰਾਂ ਅਤੇ ਸਟਾਫ ਦੇ ਸਰਵੇਖਣ ਸੰਗਠਨਾਂ ਦੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਅਭਿਆਸ ਦੀਆਂ ਲੋੜਾਂ ਦੀ ਉੱਚ ਪੱਧਰੀ ਜਾਣਕਾਰੀ ਦਿੰਦੇ ਹਨ।

ਬਾਲ-ਸੁਰੱਖਿਆ ਸੰਸਥਾਵਾਂ ਦੇ ਕੌਮੀ ਸਿਧਾਂਤਾਂ ਦੇ ਵਿਕਾਸ ਅਤੇ ਸਲਾਹਾਂ ਲਈ ਆਸਟ੍ਰੇਲੀਆ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਆਸਟ੍ਰੇਲੀਆ ਸਰਕਾਰ ਦੇ ਸਮਾਜ ਸੇਵਾਵਾਂ ਬਾਰੇ ਵਿਭਾਗ ਦੁਆਰਾ ਲਗਾਇਆ ਗਿਆ ਹੈ। ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਅੱਗੇ ਵਧਾਉਣ ਲਈ ਸਭ ਸੰਗਠਨਾਤਮਕ ਸੈਟਿੰਗਾਂ ਵਿੱਚ ਸੱਭਿਆਚਾਰ ਬਣਾਉਣਾ ਮੁੱਖ ਟੀਚਾ ਹੈ।

ਕੌਮੀ ਸਿਧਾਂਤਾਂ ਅਤੇ ਸੰਬੰਧਿਤ ਸਾਧਨਾਂ ਦਾ ਵਿਕਾਸ ਕਰਨ ਨੂੰ ਲਾਗੂ ਕਰਕੇ ਕੌਮੀ ਸੈਕਟਰ ਸੰਸਥਾਵਾਂ ਦੇ ਨਾਲ ਕੰਮ ਜਾਰੀ ਰੱਖਣਾ।

ਬਾਲ ਸੁਰੱਖਿਆ ਸੰਸਥਾਵਾਂ ਦੀ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ:

https://childsafe.humanrights.gov.au/

ਸੰਪਰਕ ਕਰੋ: childsafe@humanrights.gov.au

ਬਾਲ ਸੁਰੱਖਿਆ ਦੇ ਕੌਮੀ ਦਫਤਰ ਬਾਰੇ ਵਧੇਰੇ ਜਾਣਕਾਰੀ ਲਈ ਇੱਥੇ ਜਾਓ:

https://pmc.gov.au/domestic-policy/national-office-child-safety

ਸੰਪਰਕ ਕਰੋ: NationalOfficeforChildSafety@pmc.gov.au